1990 ਈ. ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਬਦਲਦੇ ਪੰਜਾਬ ਦਾ ਸਰੂਪ: ਵਿਭਿੰਨ ਸੰਦਰਭ

(ਅਵਤਾਰ ਸਿੰਘ ਬਿਲਿੰਗ, ਨਛੱਤਰ ਅਤੇ ਜਸਬੀਰ ਮੰਡ ਦੇ ਨਾਵਲਾਂ ਦੇ ਪ੍ਰਸੰਗ ਵਿੱਚ)

1990 ISVI TO'N BAAD DE PUNJABI NAVAL VICH BADLDE PUNJAB DA SAROOP: VIBHIN SANDARBH

(AVTAR SINGH BILLING, NACHHATAR ATE JASBIR MAND DE NAVALA'N DE PARSANG VICH)

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਭਾਸ਼ਾ ਫੈਕਲਟੀ

ਦੇ ਅੰਤਰਰਗਤ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ

ਪ੍ਰਸਤਾਵਿਤ ਖੋਜ-ਪ੍ਰਬੰਧ ਦੀ ਰੂਪ-ਰੇਖਾ

2025

ਨਿਗਰਾਨ | ਖੋਜਾਰਥੀ

ਡਾ. ਹਰਮੇਲ ਸਿੰਘ | ਕਰਨ ਕੁਮਾਰ

ਸਹਾਇਕ ਪ੍ਰੋਫ਼ੈਸਰ

ਪੰਜਾਬੀ ਅਧਿਐਨ ਸਕੂਲ

ਪੰਜਾਬ ਯੂਨੀਵਰਸਿਟੀ

ਚੰਡੀਗੜ੍ਹ।

1990 ਈ. ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਬਦਲਦੇ ਪੰਜਾਬ ਦਾ ਸਰੂਪ: ਵਿਭਿੰਨ ਸੰਦਰਭ

ਜਾਣ-ਪਛਾਣ:

ਕਹਾਣੀ ਸਦੀਆਂ ਤੋਂ ਮਨੁੱਖ ਦੇ ਅੰਗ-ਸੰਗ ਰਹੀ ਹੈ। ਮਨੁੱਖ ਵਿੱਚ ਦੋ ਮਨੋਵਿਗਿਆਨਕ ਰੁਚੀਆਂ ਪ੍ਰਬਲ ਹਨ। ਇਕ ਹੈ- ਆਪਾ ਪ੍ਰਗਟਾਉਣ ਦੀ ਰੁਚੀ ਅਤੇ ਦੂਜੀ ਹੈ-ਵਸਤੂਆਂ ਤੇ ਜੀਵਾਂ ਬਾਰੇ ਜਾਣਨ ਦੀ ਲਾਲਸਾ। ਸੰਸਾਰ ਦੀਆਂ ਬਹੁਤ ਸਾਰੀਆਂ ਕਲਾਵਾਂ ਇਨ੍ਹਾਂ ਦੋਹਾਂ ਰੁਚੀਆਂ ਵਿਚੋਂ ਜਨਮ ਲੈਂਦੀਆਂ ਹਨ। ਮਾਨਵ-ਵਿਗਿਆਨ ਦੀਆਂ ਖੋਜਾਂ ਸਿੱਧ ਕਰਦੀਆਂ ਹਨ ਕਿ ਆਦਿ ਮਾਨਵ ਭਾਸ਼ਾ ਦੀ ਖੋਜ ਹੋਣ ਤੋਂ ਪਹਿਲਾਂ ਇਸ਼ਾਰਿਆਂ ਦੀ ਮਦਦ ਨਾਲ ਕਹਾਣੀਆਂ ਕਹਿੰਦਾ ਅਤੇ ਸੁਣਦਾ ਰਿਹਾ ਹੋਵੇਗਾ। ਹੌਲੀ ਹੌਲੀ ਮਨੁੱਖ ਨੂੰ ਬੋਲਣ ਦੀ ਜਾਂਚ ਆ ਗਈ। ਭਾਸ਼ਾ ਰਾਹੀ ਪੜ੍ਹੀਆਂ ਜਾਂਦੀਆਂ ਕਹਾਣੀਆਂ ਅਤੇ ਮਿੱਥਾਂ ਨੇ ਮਨੁੱਖ ਨੂੰ ਮਨੁੱਖੀ ਸਭਿਅਤਾ ਦੇ ਇਕ ਨਵੇਂ ਪੜਾਅ ਵਿੱਚ ਦਾਖਲ ਕਰ ਦਿੱਤਾ ਹੈ। ਸ਼ਬਦ ਦੀ ਉਤਪਤੀ ਤੋਂ ਭਾਸ਼ਾ ਨੇ ਵਿਕਾਸ ਕੀਤਾ ਅਤੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਇਸੇ ਮਾਧਿਅਮ ਦੁਆਰਾ ਆਪਣੀਆਂ ਗਾਥਾਵਾਂ ਕਹਿੰਦਾ ਤੇ ਲਿਖਦਾ ਆ ਰਿਹਾ ਹੈ।

ਆਦਿ ਕਾਲੀਨ ਮਨੁੱਖ ਦੀਆਂ ਪਹਿਲੀਆਂ ਕਹਾਣੀਆਂ ਆਪਣੇ ਵਰਗੇ ਜੀਵਾਂ ਤੋਂ ਇਲਾਵਾ ਪਸ਼ੂ, ਪੰਛੀਆਂ, ਦਰਖ਼ਤਾਂ ਅਤੇ ਹੋਰ ਕਈ ਪ੍ਰਕਾਰ ਦੇ ਜਾਨਵਰਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀਆਂ ਸਨ। ਇਨ੍ਹਾਂ ਕਹਾਣੀਆਂ ਵਿੱਚ ਪ੍ਰਾਚੀਨ ਮਨੁੱਖਾਂ ਦੀ ਸਾਦਗੀ, ਸੁੱਚਾ ਇਖ਼ਲਾਕ, ਸਮੁੱਚੇ ਜੀਵਾਂ ਪ੍ਰਤੀ ਹਮਦਰਦੀ ਅਤੇ ਸਦਾਚਾਰਕ ਤੱਤ ਹੁੰਦੇ ਸਨ। ਹੌਲੀ-ਹੌਲੀ ਮਨੁੱਖਾਂ ਵਿੱਚ ਏਕਾ ਅਧਿਕਾਰ ਦੀ ਰੁੱਚੀ ਜਾਗੀ। ਤਕੜੇ ਮਨੁੱਖਾਂ ਨੇ ਜ਼ਮੀਨਾਂ, ਜੰਗਲਾਂ, ਦੁਰਲੱਭ ਚੀਜ਼ਾਂ ਅਤੇ ਔਰਤਾਂ ਉੱਤੇ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ। ਇਸ ਵਿੱਚੋਂ ਕਬੀਲੀ ਯੁੱਗ ਨੇ ਜਨਮ ਲਿਆ। ਜਿਉਂ ਜਿਉਂ ਸਮਾਜਿਕ ਅਤੇ ਆਰਥਿਕ ਢਾਂਚਾ ਬਦਲਦਾ ਜਾਂਦਾ ਹੈ, ਤਿਉਂ-ਤਿਉਂ ਸਾਹਿਤ ਵੀ ਆਪਣਾ ਵੱਖ-ਵੱਖ ਰੂਪ ਧਾਰਨ ਕਰਦਾ ਰਹਿੰਦਾ ਹੈ। ਕਬੀਲੀ ਯੁੱਗ ਪਿਛੋਂ ਬਹੁ-ਲਾਲਸੀ ਮਨੁੱਖਾਂ ਨੇ ਦੁਨੀਆਂ ਦੇ ਹੋਰਨਾਂ ਮੁੱਲਕਾਂ ਉੱਤੇ ਆਪਣੇ ਸਾਮਰਾਜ ਕਾਇਮ ਕਰਨੇ ਸ਼ੁਰੂ ਕਰ ਦਿੱਤੇ। ਸਾਰੀ ਧਰਤੀ 'ਤੇ ਸ਼ਕਤੀਸ਼ਾਲੀ ਇਕ ਪੁਰਖੀ ਰਾਜਾਂ ਦਾ ਰਾਜ ਕਾਇਮ ਹੋਣ ਲੱਗਿਆ। ਪਹਿਲਾਂ ਵਾਲੀ ਸਾਦਗੀ, ਸਚਾਈ ਤੇ ਇਖ਼ਲਾਕ ਬਹੁਤ ਘੱਟ ਗਿਆ। ਸਮੂਹ ਕਲਾਕਾਰ ਅਤੇ ਲੇਖਕ ਇਨ੍ਹਾਂ ਸਾਮੰਤਾਂ ਦੀ ਖੁਸ਼ੀ ਲਈ ਆਪਣਾ ਸਾਹਿਤ ਰਚਣ ਲੱਗੇ। ਇਸ ਲਈ ਉਸ ਯੁੱਗ ਵਿੱਚ ਕਹਾਣੀ ਵਿੱਚ ਪਰਾ-ਸਰੀਰਕ ਅੰਸ਼ ਵੱਧ ਗਿਆ। ਇਨ੍ਹਾਂ ਸਾਮੰਤਾਂ ਐਸ਼ਪ੍ਰਸਤੀ ਖ਼ਾਨਦਾਨਾਂ, ਅਮੀਰਾਂ, ਵਜ਼ੀਰਾਂ ਤੇ ਜਰਨੈਲਾਂ ਦੀਆਂ ਲਾਡਲੀਆਂ ਬੇਗਮਾਂ, ਸ਼ਾਹਜ਼ਾਦਿਆਂ ਤੇ ਨਵਾਬਜ਼ਾਦਿਆਂ ਨੂੰ ਦਿਲ-ਪਰਚਾਵੇ

ਲਈ ਅਜਿਹੀਆਂ ਕਹਾਣੀਆਂ ਦੀ ਲੋੜ ਹੁੰਦੀ ਸੀ, ਜਿਨ੍ਹਾਂ ਵਿੱਚ ਜਿੰਨ, ਭੂਤ, ਦੇਵਤੇ, ਦੇਵੀਆਂ,ਪਰੀਆਂ, ਛਲੇਡਿਆਂ ਅਤੇ ਰੋਮਾਂਸ ਪ੍ਰਾਪਤੀ ਦੀਆਂ ਕਠਿਨਾਈਆਂ ਆਦਿ ਦਾ ਜ਼ਿਕਰ ਆਉਂਦਾ ਹੋਵੇ।

ਸਮਾਜਿਕ ਤਬਦੀਲੀ ਇਤਿਹਾਸਕ ਵਰਤਾਰਾ ਹੈ, ਇਸਨੇ ਵਾਪਰਨਾ ਹੀ ਹੈ। ਜਿਵੇਂ ਕਬੀਲੀ ਸਮਾਜ ਤੋਂ ਰਾਜਾਸ਼ਾਹੀ ਰਾਜ ਅਤੇ ਕਬੀਲਿਆ ਤੋਂ ਜਗੀਰੂ ਸਿਸਟਮ ਵਿੱਚ ਪਰਿਵਰਤਨ ਹੋਇਆ। ਇਸ ਤਰ੍ਹਾਂ ਹੀ ਜਗੀਰੂ ਸਿਸਟਮ ਨੂੰ ਉਦਯੋਗਿਕ ਕ੍ਰਾਂਤੀਆਂ ਨੇ ਤਬਦੀਲ ਕੀਤਾ। ਰਾਜਾਸ਼ਾਹੀ ਤੋਂ ਲੋਕਤੰਤਰ ਆਇਆ ਅਤੇ ਪੂੰਜੀਵਾਦੀ ਸਿਸਟਮ ‘ਚ ਖੇਤੀ ਅਧਾਰਿਤ ਸਮਾਜ, ਸੱਨਅਤ-ਪੂੰਜੀ ਅਧਾਰਿਤ ਢਾਂਚੇ ‘ਚ ਤਬਦੀਲ ਹੋ ਗਿਆ।

ਸੱਨਅਤੀ ਇਨਕਲਾਬ ਦੇ ਫ਼ਲਸਰੂਪ ਜਿਹੜੇ ਲੋਕ ਨਵੇਂ ਤੇ ਲਾਭਦਾਇਕ ਕਿੱਤਿਆਂ ਦੀ ਤਲਾਸ਼ ਵਿੱਚ ਆਪਣੇ ਮੂਲ ਵਸੇਵਿਆਂ ਨੂੰ ਛੱਡ ਕੇ ਕਸਬਿਆਂ, ਮੰਡੀਆਂ ਅਤੇ ਸ਼ਹਿਰਾਂ ਵਿੱਚ ਆ ਵਸੇ, ਉਨ੍ਹਾਂ ਦੇ ਮਨ ਵਿੱਚ ਇਕ ਪਾਸੇ ‘ਸਵੈਹਿਤ’ ਦੀ ਭਾਵਨਾ ਵਧੀ ਅਤੇ ਦੂਜੇ ਪਾਸੇ ਇਨ੍ਹਾਂ ਦੇ ਮਨ ਵਿੱਚ ਸਮੂਹਿਕਤਾ ਦੀ ਥਾਂ ਵਿਅਕਤੀਵਾਦੀ ਸੁਤੰਤਰ ਹੋਂਦ ਦੇ ਸੰਕਲਪ ਪੈਦਾ ਹੋਣੇ ਸ਼ੁਰੂ ਹੋ ਗਏ।ਬਦਲਦੇ ਸਮਾਜਿਕ ਆਰਥਿਕ ਪ੍ਰਸੰਗ ਵਿੱਚ ਜਿਥੇ ਪਰੰਪਰਿਕ ਸਮਾਜਿਕ ਰਿਸ਼ਤਿਆਂ ‘ਚ ਟੁੱਟ-ਭੱਜ ਹੋਈ, ਉਥੇ ਵਿਅਕਤੀ ਦੇ ਨਿੱਜੀ ਅਨੁਭਵ ਦਾ ਮੁੱਲ ਵੀ ਵੱਧ ਗਿਆ। ਸਾਹਿਤ ਇਸ ਤਰ੍ਹਾਂ ਦੇ ਨਿੱਜੀ ਤੇ ਜਟਿਲ ਸੁਭਾਅ ਵਾਲੇ ਅਨੁਭਵ ਦੀ ਪੇਸ਼ਕਾਰੀ ਲਈ ਨਵੇਂ ਸਾਹਿਤਕ ਰੂਪ ਦੀ ਲੋੜ ਮਹਿਸੂਸ ਹੋਈ। ਇਹ ਅਨੁਭਵ ਉਸ ਸਮੇਂ ਦੇ ਪ੍ਰਚਲਿਤ ਸਾਹਿਤਕ ਰੂਪਾਂ ਵਿੱਚ ਪੇਸ਼ ਨਹੀਂ ਹੋ ਸਕਦਾ ਸੀ। ਇਸ ਦੇ ਪ੍ਰਗਟਾਉ ਲਈ ਕਿਸੇ ਨਵੇਂ, ਖੁੱਲ੍ਹੇ-ਡੁੱਲ੍ਹੇ ਤੇ ਵਿਸਤ੍ਰਿਤ ਰੂਪ ਦੀ ਜ਼ਰੂਰਤ ਸੀ। ਇਹ ਨਵਾਂ, ਖੁੱਲ੍ਹਾ-ਡੁੱਲ੍ਹਾ ਤੇ ਵਿਸਤ੍ਰਿਤ ਰੂਪ ਹੀ ‘ਨਾਵਲ’ ਅਖਵਾਇਆ। ਇਸ ਵਿੱਚ ਪੁਰਾਣੇ ਬਿਰਤਾਂਤ ਰੂਪਾਂ ਦੇ ਅੰਸ਼ ਤਾਂ, ਨਿਰਸੰਦੇਹ ਮੌਜੂਦ ਸਨ, ਪਰੰਤੂ ਉਨ੍ਹਾਂ ਦਾ ਸੁਭਾਅ ਮੂਲੋਂ ਹੀ ਬਦਲ ਗਿਆ। ਇਉਂ ਨਾਵਲ ਪੂੰਜੀਵਾਦੀ ਸਮਾਜ ਤੇ ਸੰਸਕ੍ਰਿਤੀ ਦੀ ਸਿਰਜਣਾ ਦੇ ਰੂਪ ਵਿੱਚ ਹੋਂਦ ਵਿੱਚ ਆਇਆ। ਇਹ ਇਸੇ ਕਰਕੇ ਹੈ ਕਿ ਨਾਵਲ ਨੂੰ ਵਾਰਤਕ ਵਿੱਚ ਲਿਖਿਆ ਪੂੰਜੀਵਾਦੀ ਯੁੱਗ ਦਾ ਮਹਾਂਕਾਵਿ ਕਿਹਾ ਗਿਆ ਹੈ। ਨਾਵਲੀ ਰਚਨਾ ਸਾਹਿਤਕ ਪ੍ਰਗਟਾਵੇ ਦਾ ਇੱਕ ਵਿਸ਼ੇਸ਼ ਰੂਪ ਹੈ ਜੋ ਲੰਮੀ ਗੱਦ-ਕਥਾ ਦੇ ਰੂਪ ਰਾਹੀਂ ਯਥਾਰਥ ਨੂੰ ਪੇਸ਼ ਕਰਦਾ ਹੈ।

ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ, “ਨਾਵਲ ਹੋਰ ਸਾਹਿਤਕ-ਰੂਪਾਂ ਦੇ ਮੁਕਾਬਲੇ ਤੇ ਬਹੁਤ ਚੰਗੀ ਤਰ੍ਹਾਂ, ਜੀਵਨ ਦਾ ਉਹ ਨਮੂਨਾ ਪੇਸ਼ ਕਰਦਾ ਹੈ, ਜਿਸ ਰਾਹੀਂ ਸਮਾਜ ਆਪਣੇ ਆਪ ਨੂੰ ਨਿੰਮਦਾ ਹੈ”1

ਇਹ ਨਵੀਂ ਪ੍ਰਕਾਰ ਦੀ ਕਹਾਣੀ ਯੂਰਪ ਦੇ ਦੇਸ਼ਾਂ ਵਿੱਚ ਇੰਨੀ ਮਕਬੂਲ ਹੋਈ ਕਿ ਸਾਰਾ ਯੂਰਪ ਨਾਵਲ ਕਲਾ ਦਾ ਸ਼ੈਦਾਈ ਹੋ ਗਿਆ ਅਤੇ ਫ਼ਰਾਂਸ, ਇੰਗਲੈਂਡ ਅਤੇ ਰੂਸ ਦੇ ਪ੍ਰਸਿੱਧ ਨਾਵਲਕਾਰਾਂ ਨੇ ਸੰਸਾਰ ਪ੍ਰਸਿੱਧ ਨਾਵਲ ਮਨੁੱਖੀ ਸਮਾਜ ਨੂੰ ਦਿੱਤੇ। ਇਨ੍ਹਾਂ ਵਿਚੋਂ ਵਿਕਟਰ ਹਿਊਗੋ, ਅਲੈਗਜ਼ਾਂਡਰ ਡੀਯੂਮਾ, ਤਾਲਸਤਾਇ, ਦੋਸਤੋਵਸਕੀ, ਚੈਖਵ, ਗੋਰਕੀ, ਡਿਕਨਜ਼, ਬੈਕਰੇ, ਐਚ.ਜੀ. ਵੈੱਲਜ਼, ਡੀ.ਐਚ. ਲਾਰੰਸ ਅਤੇ ਵਰਜੀਨੀਆ ਵੂਲਫ਼ ਵਰਗੇ ਪ੍ਰਸਿੱਧ ਨਾਵਲਕਾਰਾਂ ਨੇ ਸੰਸਾਰ ਦੇ ਨਾਵਲ ਨੂੰ ਕਲਾਸੀਕਲ ਰਚਨਾਵਾਂ ਦਿੱਤੀਆਂ। ਨਾਵਲ ਲੋਕਾਂ ਦਾ ਹਰਮਨ ਪਿਆਰਾ ਦਿਲਪ੍ਰਚਾਵਾ ਬਣ ਗਿਆ ਹੈ ਅਤੇ ਅੱਜਕੱਲ੍ਹ ਤਾਂ ਇਨ੍ਹਾਂ ਨਾਵਲਾਂ ਵਿੱਚੋਂ ਪ੍ਰਸਿੱਧ ਫ਼ਿਲਮਾਂ ਵੀ ਬਣ ਰਹੀਆਂ ਹਨ।

ਭਾਰਤ ਵਿੱਚ ਨਾਵਲ ਦਾ ਪ੍ਰਵੇਸ਼ ਅੰਗਰੇਜ਼ੀ ਸਾਮਰਾਜ ਦੀ ਸਥਾਪਤੀ ਤੋਂ ਬਾਅਦ ਹੁੰਦਾ ਹੈ। ਅੰਗਰੇਜ਼ਾਂ ਨੇ ਸਿਰਫ਼ ਆਪਣੇ ਪ੍ਰਸ਼ਾਸਕੀ ਕਾਰਜਾਂ ਲਈ ਅੰਗਰੇਜ਼ੀ ਪੜ੍ਹਾਈ ਦਾ ਪ੍ਰਬੰਧ ਸ਼ੁਰੂ ਕੀਤਾ ਸੀ, ਪਰ ਹਿੰਦੁਸਤਾਨੀਆਂ ਨੇ ਅੰਗਰੇਜ਼ੀ ਸਾਹਿਤ ਨੂੰ ਘੋਖ ਕੇ ਪੜ੍ਹਿਆ ਅਤੇ ਉਸ ਵਰਗਾ ਲਿਖਣ ਦਾ ਯਤਨ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਭਾਰਤ ਵਿੱਚ ਬੰਗਾਲ ਨੇ ਪ੍ਰਸਿੱਧ ਨਾਵਲਕਾਰ ਦਿੱਤੇ, ਜਿਨ੍ਹਾਂ ਵਿੱਚ ਬੰਕਮ ਚੰਦਰ, ਸ਼ਰਤ ਚੰਦਰ ਅਤੇ ਠਾਕੁਰ ਰਵਿੰਦਰ ਨਾਥ ਵਰਗੇ ਪ੍ਰਸਿੱਧ ਲੇਖਕਾਂ ਨੇ ਭਾਰਤੀ ਸਾਹਿਤਕਾਰਾਂ ਲਈ ਮੁੱਢਲੇ ਚਾਨਣ ਮੁਨਾਰੇ ਖੜ੍ਹੇ ਕੀਤੇ। ਬੰਗਾਲ, ਮਦਰਾਸ, ਮਹਾਂਰਾਸ਼ਟਰ ਆਦਿ ਵਿੱਚ ਮੁੱਢਲੀ ਪਰਵਰਿਸ਼ ਤੋਂ ਪੰਜਾਬ ਅਤੇ ਸਾਰੇ ਭਾਰਤ ਵਿੱਚ ਨਾਵਲ ਦਾ ਪਾਸਾਰ ਹੋਇਆ ਅਤੇ ਅੱਜ ਸਾਡੇ ਦੇਸ਼ ਵਿੱਚ ਮੁਨਸ਼ੀ ਪ੍ਰੇਮ ਚੰਦ, ਸੱਜਾਦ ਜ਼ਹੀਰ, ਅਗੇਯ, ਰਾਂਘੇ ਰਾਘਵ, ਤਾਰਾ ਸ਼ੰਕਰ ਬੰਧੋਪਾਧਿਆਇ, ਵਿਭੂਤੀ ਭੂਸ਼ਨ, ਇਸਮਤ ਚੁਗ਼ਤਈ, ਜ਼ੈੱਡ ਅਹਿਮਦ, ਮੋਹਨ ਰਾਕੇਸ਼, ਅਤੇ ਪੰਜਾਬ ਦੇ ਨਾਨਕ ਸਿੰਘ, ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ, ਨਰਿੰਦਰ ਪਾਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ, ਸੁਰਜੀਤ ਸਿੰਘ ਸੇਠੀ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਰਾਮ ਸਰੂਪ ਅਣਖੀ ਵਰਗੇ ਪ੍ਰਸਿੱਧ ਲੇਖਕਾਂ ਨੇ ਪੰਜਾਬੀ ਸਾਹਿਤ ਦਾ ਭੰਡਾਰ ਭਰਿਆ ਹੈ।

ਵਿਸ਼ੇ ਦਾ ਵਿਸ਼ਲੇਸ਼ਣ

ਮੇਰਾ ਖੋਜ ਵਿਸ਼ਾ '1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਬਦਲਦੇ ਪੰਜਾਬ ਦਾ ਸਰੂਪ: ਵਿਭਿੰਨ ਸੰਦਰਭ' ਹੈ। ਇਸ ਵਿੱਚ ਤਿੰਨ ਨਾਵਲਕਾਰਾਂ ਅਵਤਾਰ ਸਿੰਘ ਬਿਲਿੰਗ, ਨਛੱਤਰ ਅਤੇ ਜਸਬੀਰ

ਮੰਡ ਦੇ ਨਾਵਲਾਂ ਨੂੰ ਆਧਾਰ ਬਣਾਇਆ ਗਿਆ ਹੈ। ਪੰਜਾਬ ਵਿੱਚ ਲਗਾਤਾਰ ਹੋ ਰਹੇ ਸਮਾਜਿਕ, ਆਰਥਿਕ, ਮਾਨਸਿਕ ਅਤੇ ਸੱਭਿਆਚਾਰਕ ਪਰਿਵਰਤਨਾਂ ਨੂੰ ਇਨ੍ਹਾਂ ਪੰਜਾਬੀ ਨਾਵਲਾਂ ਰਾਹੀਂ ਸੂਖਮ ਅਧਿਐਨ ਕਰਨਾ ਹੈ।ਜਿਨ੍ਹਾਂ ਵਿੱਚ ਸਾਂਝਾ ਪੰਜਾਬ, 1947 ਵਿੱਚ ਪੰਜਾਬ ਦੀ ਵੰਡ, ਹਰੀ ਕ੍ਰਾਂਤੀ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਪਰਵਾਸ, ਉਦਾਰੀਕਰਨ-ਨਿੱਜੀਕਰਨ-ਸੰਸਾਰੀਕਰਨ ਅਤੇ ਤਕਨਾਲੋਜੀ ਦੇ ਵਿਕਾਸ ਕਾਰਨ ਸਮਾਜ ਵਿੱਚ ਆਏ ਬਦਲਾਅ ਅਧੀਨ ਔਰਤਾਂ ਦੀ ਦਸ਼ਾ, ਪਰਵਾਸ ਦੀ ਸਮੱਸਿਆ,ਬਦਲਦੇ ਮਾਨਵੀ ਰਿਸ਼ਤੇ, ਕੁਦਰਤ ਅਤੇ ਕੁਦਰਤੀ ਸਰੋਤਾਂ ਦਾ ਉਜਾੜਾ, ਜਾਤੀ ਭੇਦ-ਭਾਵ, ਦਲਿਤਾਂ ਲਈ ਰਾਖਵਾਂ ਕੋਟਾ, ਸ਼ਹਿਰੀ ਵਸੋਂ ਵਿੱਚ ਵਾਧਾ, ਫ਼ਸਲਾਂ ਦੇ ਮੁੱਲ ਘੱਟ ਤੇ ਖਰਚੇ ਵੱਧ, ਕਰਜ਼ੇ ਦੀ ਸਮੱਸਿਆ, ਪੰਜਾਬ ਦੇ ਬਦਲਦੇ ਕੰਮ-ਧੰਦੇ, ਨਸ਼ਿਆ ਦੀ ਸਮੱਸਿਆ, ਖੁਦਕੁਸ਼ੀਆਂ ਅਤੇ ਆਮ ਜਨਜੀਵਨ ਨੂੰ ਪੰਜਾਬੀ ਨਾਵਲਾਂ ਰਾਹੀਂ ਅਧਿਐਨ ਕਰਨਾ ਹੈ।

1849 ਤੋਂ ਬਾਅਦ ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਪੰਜਾਬ ਦੀ ਆਰਥਿਕਤਾ ਵਿੱਚ ਤੇਜ਼ੀ ਨਾਲ ਪਰਿਵਰਤਨ ਵਾਪਰਨੇ ਸ਼ੁਰੂ ਹੋਏ। ਬਸਤੀਵਾਦੀ ਹਕੂਮਤ ਨੇ ਪੰਜਾਬ ਦੀ ਰਵਾਇਤੀ ਖੇਤੀ ਉੱਤੇ ਆਧਾਰਿਤ ਆਰਥਿਕਤਾ ਨੂੰ ਤਬਦੀਲ ਕਰਨ ਲਈ ਵੱਡੇ ਪੱਧਰ ‘ਤੇ ਯਤਨ ਕੀਤੇ। ਪੰਜਾਬ ਵਿੱਚ ਖੇਤੀ ਉਤਪਾਦਨ ਨੂੰ ਵਧਾਉਣ ਲਈ ਜੰਗਲਾਂ ਨੂੰ ਸਾਫ਼ ਕਰਕੇ ਖੇਤੀ ਯੋਗ ਜ਼ਮੀਨ ਵਿੱਚ ਬਦਲਿਆ ਗਿਆ, ਬੰਜਰ ਅਤੇ ਮਾਰੂ ਜ਼ਮੀਨਾਂ ਨੂੰ ਸਿੰਜਣ ਲਈ ਨਹਿਰਾਂ ਕੱਢੀਆਂ ਗਈਆਂ। ਬਸਤੀਵਾਦੀ ਸਰਕਾਰ ਨੇ ਖੇਤੀ ਹੇਠ ਜ਼ਮੀਨ ਦਾ ਰਕਬਾ ਵਧਾਉਣ ਲਈ ਪੱਛਮੀ ਪੰਜਾਬ ਵਿੱਚ ਬਾਰਾਂ ਵਸਾਈਆਂ। ਸਾਬਕਾ ਫ਼ੌਜੀਆਂ, ਪੜ੍ਹੇ-ਲਿਖੇ ਕਿਸਾਨਾਂ ਅਤੇ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰਨ ਵਾਲੇ ਸਾਮੰਤਾਂ ਅਤੇ ਉੱਚ ਵਰਗ ਦੇ ਲੋਕਾਂ ਨੂੰ ਬਾਰਾਂ ਵਿੱਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ। ਖੇਤੀ ਉਤਪਾਦਨ ਦੇ ਮੰਡੀਕਰਨ ਲਈ ਸੜਕਾਂ, ਰੇਲਵੇ ਲਾਈਨਾਂ ਅਤੇ ਮੰਡੀਆਂ ਦਾ ਜਾਲ ਵਿਛਾਇਆ ਗਿਆ। ਬਰਤਾਨਵੀ ਹਕੂਮਤ ਨੇ ਪੰਜਾਬ ਦੇ ਖੇਤੀ ਉਤਪਾਦਨ ਅਤੇ ਆਪਣੇ ਮੁਨਾਫ਼ੇ ਵਿੱਚ ਵਾਧਾ ਕਰਨ ਲਈ ਪੰਜਾਬ ਦੇ ਖੇਤੀ ਪ੍ਰਬੰਧ ਅਤੇ ਆਰਥਿਕ ਢਾਂਚੇ ਵਿੱਚ ਬੁਨਿਆਦੀ ਪਰਿਵਰਤਨ ਕੀਤੇ। ਇਸ ਨਾਲ ਪੰਜਾਬ ਦਾ ਕੇਵਲ ਆਰਥਿਕ ਢਾਂਚਾ ਅਤੇ ਸੰਸਥਾਗਤ ਪ੍ਰਬੰਧ ਹੀ ਨਹੀਂ ਬਦਲਿਆ, ਸਗੋਂ ਇਸ ਨੇ ਪੰਜਾਬ ਨੂੰ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਮਾਨਸਿਕ ਪੱਖੋਂ ਪੂਰਨ ਤੌਰ ‘ਤੇ ਪ੍ਰਭਾਵਿਤ ਕੀਤਾ ਹੈ। ਬਰਤਾਨਵੀ ਹਕੂਮਤ ਵੱਲੋਂ ਆਪਣੇ ਰਾਜ ਨੂੰ ਮਜ਼ਬੂਤ ਬਣਾਉਂਣ ਲਈ ਫੈਕਟਰੀਆਂ-ਕਾਰਖਾਨੇ ਲਗਾਏ ਗਏ ਅਤੇ ਕਾਲਜ-ਯੂਨੀਵਰਸਿਟੀਆਂ ਰਾਹੀਂ ਉੱਚ ਸਿੱਖਿਆ ਪ੍ਰਦਾਨ ਕਰਵਾਈ, ਜਿਸ ਕਰਕੇ ਪੜ੍ਹ-

ਲਿਖ ਕੇ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਲੱਗੀਆਂ ਅਤੇ ਤੀਜੇ ਵਰਗ ਦਾ ਜਨਮ ਹੋਇਆ, ਜਿਸ ਨੂੰ ਮੱਧ-ਵਰਗ (ਮਿਡਲ ਕਲਾਸ) ਕਿਹਾ ਜਾਂਦਾ। ਮੱਧ-ਵਰਗ ਦੇ ਜਨਮ ਨਾਲ ਹੀ ਪੰਜਾਬ ਵਿੱਚ ਇੱਕ ਨਵੀਂ ਮਾਨਸਿਕ ਦ੍ਰਿਸ਼ਟੀ ਦਾ ਜਨਮ ਹੋਇਆ। ਇਸ ਪੜ੍ਹੇ-ਲਿਖੇ ਵਰਗ ਨੇ ਪਰਵਾਸ ਵੀ ਕੀਤਾ ਅਤੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਚਲਦੇ ਆਜ਼ਾਦੀ ਦੇ ਸੰਘਰਸ਼ਾਂ ਤੋਂ ਪ੍ਰਭਾਵਿਤ ਵੀ ਹੋਏ। ਜਿਸ ਦਾ ਸਿੱਟਾ ਅਮਰੀਕਾ ਦੇ ਸਾਨ ਫਰਾਂਸਿਸੀਕੋ ਵਿਚ ਜਨਮੀ 'ਗਦਰ ਲਹਿਰ' ਦੇ ਰੂਪ ਵਿਚ ਵੇਖਣ ਨੂੰ ਮਿਲੀ। ਇਸ ਲਹਿਰ ਦਾ ਪ੍ਰਭਾਵ ਖਾਸ ਕਰਕੇ 1917 ਸੋਵੀਅਤ ਦੀ ਕ੍ਰਾਂਤੀ ਨਾਲ ਵੱਧਣਾ ਸ਼ੁਰੂ ਹੋਇਆ। ਜਿਸ ਨਾਲ ਖੱਬੇ-ਪੱਖੀ ਜਾਂ ਮਾਰਕਸਵਾਦ ਦਾ ਪ੍ਰਭਾਵ ਵੀ ਆਮ ਲੋਕਾਂ ਵਿੱਚ ਪੈਣਾ ਸ਼ੁਰੂ ਹੋ ਗਿਆ। ਇਸ ਦਾ ਨਤੀਜਾ ਆਜ਼ਾਦੀ ਦੇ ਸੰਘਰਸ਼ ਵਿੱਚ ਵੇਖਣ ਨੂੰ ਮਿਲਿਆ।

ਅੰਗਰੇਜ਼ੀ ਹਕੂਮਤ ਤੋਂ 1947 ਈ. ਵਿੱਚ ਆਜ਼ਾਦ ਹੋਣ ਨਾਲ ਭਾਰਤ ਵਿੱਚ ਕੇਵਲ ਰਾਜਸੀ ਪਰਿਵਰਤਨ ਨਹੀਂ ਆਇਆ, ਸਗੋਂ ਇਸ ਨਾਲ ਸਮਾਜਕ, ਸੱਭਿਆਚਾਰਕ, ਆਰਥਿਕ ਅਤੇ ਸੰਸਥਾਗਤ ਢਾਂਚੇ ਵਿੱਚ ਵੱਡੇ ਪਰਿਵਰਤਨ ਵਾਪਰੇ। ਬਰਤਾਨਵੀ ਬਸਤੀਵਾਦ ਤੋਂ ਆਜ਼ਾਦੀ ਹਾਸਿਲ ਕਰਨ ਦੇ ਨਾਲ ਨਾਲ ਪੰਜਾਬ ਦੀ ਦੁਖਾਂਤਕ ਵੰਡ ਹੋਈ। ਖਾਸ ਤੌਰ 'ਤੇ ਦੋਹਾਂ ਪਾਸਿਆਂ ਤੋਂ ਵਸੋਂ ਦਾ ਵੱਡੇ ਪੱਧਰ 'ਤੇ ਤਬਾਦਲਾ ਵੀ ਹੋਇਆ ਅਤੇ ਵੱਡੀ ਗਿਣਤੀ ਵਿੱਚ ਲੋਕ ਕਤਲੇਆਮ, ਲੁੱਟ ਤੇ ਬੇਵਤਨੀ ਦਾ ਸ਼ਿਕਾਰ ਹੋਏ। ਪੰਜਾਬ ਲਈ ਇਹ ਖੁਸ਼ੀ ਨਹੀਂ ਵੰਡ ਅਤੇ ਉਜਾੜੇ ਦਾ ਸਦਮਾ ਸੀ। ਆਜ਼ਾਦੀ ਤੋਂ ਬਾਅਦ ਭਾਰਤੀ ਸਮਾਜ ਵਿੱਚ ਵੱਡੇ ਪਰਿਵਰਤਨ ਵਾਪਰਨੇ ਕੁਦਰਤੀ ਸਨ ਅਤੇ ਇਹ ਸਮਾਜਕ-ਇਤਿਹਾਸਕ ਵੇਗ ਦੀ ਇਤਿਹਾਸਕ ਲੋੜ ਵੀ ਸੀ। ਡਾ. ਭੀਮ ਰਾਓ ਅੰਬੇਦਕਰ ਦੀ ਗਵਾਹੀ ਵਾਲੀ ਕਮੇਟੀ ਨੇ 26 ਜਨਵਰੀ 1950 ਵਿੱਚ ਭਾਰਤੀ ਸੰਵਿਧਾਨ ਨੂੰ ਲਾਗੂ ਕੀਤਾ। ਇਸ ਤੋਂ ਬਾਅਦ ਕਈ ਪ੍ਰਕਾਰ ਦੇ ਕਾਨੂੰਨ, ਨੀਤੀਆਂ ਬਣਾਈਆਂ। ਭਾਸ਼ਾ ਦੇ ਆਧਾਰ 'ਤੇ 1966 ਪੰਜਾਬੀ ਬੋਲਦੇ ਇਲਾਕਿਆਂ ਦੀ ਵੰਡ ਅਤੇ ਪੰਜਾਬ ਦੀ ਸਰ-ਜ਼ਮੀਨ 'ਤੇ ਬਣੀ ਰਾਜਧਾਨੀ 'ਚੰਡੀਗੜ੍ਹ' ਨੂੰ ਲੈ ਕੇ ਕੇਂਦਰ ਸਰਕਾਰ ਨਾਲ ਮਤ-ਭੇਦ। 1857,1947,1966,1984 ਅਤੇ ਹੁਣ ਤੱਕ ਇਹ ਜੋ ਵੀ ਘਟਨਾਵਾਂ ਪੰਜਾਬ ਵਿੱਚ ਵਾਪਰ ਰਹੀਆਂ ਹਨ ਇਹ ਸਭ ਇਕੋ ਲੜੀ ਵਿੱਚ ਪਰੋਈਆਂ ਜਾ ਸਕਦੀਆਂ ਹਨ। ਭਾਵੇਂ 47 ਤੇ 84 ਦਾ ਕਾਰਨ ਅਤੇ ਦੂਸਰੀਆਂ ਧਿਰਾਂ ਵੱਖ ਸਨ ਪਰ ਦੁਖਾਂਤ ਅਤੇ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਪੱਖੋ ਇਕੋਂ ਲੜੀ ਦੀਆਂ ਘਟਨਾਵਾਂ ਹਨ।

ਬਰਤਾਨਵੀਂ ਸਰਕਾਰ ਦੇ ਕਬਜ਼ੇ ਤੋਂ ਬਾਅਦ ਅਤੇ 1947 ਦੀ ਵੰਡ ਤੋਂ ਬਾਅਦ ਇੱਕ ਹੋਰ ਵੱਡਾ ਪਰਿਵਰਤਨ ਸੀ, ਹਰੀ ਕ੍ਰਾਂਤੀ। ਬੰਗਾਲ ਦੇ ਕਾਲ ਅਤੇ ਦੇਸ਼ ਵਿੱਚ ਦੋ ਸੋਕੇ 1964-66 ਲਗਾਤਾਰ ਪੈਣ ਕਰਕੇ ਅਨਾਜ ਦਾ ਕਾਲ ਪੈਣ ਲੱਗ ਗਿਆ। ਜਿਸ ਕਰਕੇ ਭੁੱਖਮਰੀ ਸ਼ੁਰੂ ਹੋ ਗਈ ਸੀ। ਪਰ ਪ੍ਰੋ. ਐੱਮ. ਐੱਸ. ਸਵਾਮੀਨਾਥਨ ਦੀ ਮਿਹਨਤ ਅਤੇ ਖੋਜ ਨੇ ਹਰੇ ਇਨਕਲਾਬ ਰਾਹੀ ਦੇਸ਼ ਦੇ ਅਨਾਜ ਦੇ ਭੰਡਾਰ ਭਰਨੇ ਸ਼ੁਰੂ ਕਰ ਦਿੱਤਾ।

ਪਰ ਹੌਲੀ-ਹੌਲੀ ਹਰੀ ਕ੍ਰਾਂਤੀ ਦੇ ਸਿੱਟੇ ਦਿਖਣੇ ਸ਼ੁਰੂ ਹੋ ਗਏ ਕੁਝ ਚੰਗੇ ਵੀ ਸਨ ਤੇ ਕੁਝ ਮਾੜੇ ਵੀ। ਬਾਹਰੋਂ ਆਏ ਨਵੇ ਬੀਜਾਂ ਅਤੇ ਉਹਨਾਂ ਨਾਲ ਆਏ ਕੀਟਨਾਸ਼ਕਾਂ, ਰਸਾਇਣਿਕ ਖਾਦਾਂ ਅਤੇ ਖੇਤੀ ਦੇ ਮਸ਼ੀਨੀਕਰਨ ਨੇ ਖੇਤੀ ਦੇ ਮੂਲ ਤੱਤ- ਫਸਲਾਂ, ਰੁੱਖ, ਸੂਖਮ ਜੀਵ, ਪਸ਼ੂ-ਧਨ ਅਤੇ ਪੰਛੀ ਆਦਿ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ।ਹਰੀ ਕ੍ਰਾਂਤੀ ਨੇ ਆਮ ਲੋਕਾਂ ਨੂੰ ਪਦਾਰਥਵਾਦ ਦੇ ਸੁਪਨੇ ਵਿਖਾ ਕੇ ਉਹਨਾਂ ਵਿੱਚ ਵੱਧ ਜ਼ਮੀਨ ਦੀ ਲਾਲਸਾ, ਰੁੱਖ-ਜੰਗਲ ਵੱਢ ਕੇ ਵਾਹੁਣਯੋਗ ਜ਼ਮੀਨ ਵਿੱਚ ਬਣਾਉਣੀ, ਪਿੰਡਾਂ ਵਿੱਚ ਭਾਈਚਾਰਕ ਸਾਂਝ ਦਾ ਘੱਟਣਾ, ਸੀਰੀ ਤੋਂ ਨੌਕਰ ਬਣਨਾ, ਧਰਤੀ ਹੇਠਲੇ ਪਾਣੀ ਦਾ ਸਤਰ ਘਟਣਾ, ਬੈਕਾਂ ਵਲੋਂ ਕਰਜ਼ੇ ਦੇਣ ਦੀ ਪ੍ਰਕਿਰਿਆ ਸੌਖੀ ਕਰਨੀ ਅਤੇ ਜ਼ਮੀਨਾਂ ਦੀ ਵੱਧ ਕੁਰਕੀ ਕਰਨੀ, ਕਰਜ਼ੇ ਲੈ ਕੇ ਕੋਠੀਆਂ, ਕਾਰਾਂ, ਟਰੈਕਟਰ ਅਤੇ ਖੇਤੀ ਦੇ ਆਧੁਨਿਕ ਸੰਦ ਲੈਣੇ, ਖੁਦਕੁਸ਼ੀਆਂ, ਨਸ਼ਿਆਂ, ਨਕਸਲਵਾੜੀ-ਖਾਲਿਸਤਾਨੀ ਲਹਿਰਾਂ ਚਲਣੀਆਂ, ਪੰਜਾਬ ਸੰਕਟ, ਮਹਾਂਨਗਰਾਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਿੰਡ ਲੱਭਦੀ ਨੌਜਵਾਨੀ ਅਤੇ ਨੌਜਾਵਾਨੀ ਵਿੱਚ ਪਰਵਾਸ ਦੀ ਦਿਲਚਸਪੀ ਆਦਿ ਬਦਲਾਅ ਦੇ ਕਈ ਸੂਖਮ ਪੱਖ ਹਨ।

ਹਰੀ ਕ੍ਰਾਂਤੀ ਕਾਰਨ ਆਏ ਬਦਲਾਅ ਨੂੰ ਕੇ. ਮੁਖਰਜੀ ਜੀ ਆਪਣੇ ਸ਼ਬਦਾਂ ਵਿੱਚ ਕਹਿੰਦੇ ਹਨ-

"IF therefore, there has not been a green revolution just as yet, the technology of green revolution is knocking at the door. It is a technology that involves hybrid seeds, energized well irrigation, high fertilizer dosages, use of pesticides, and so on". [2]

ਥੋਰਸਟੀਨ ਵੈਬਲਨ ਅਨੁਸਾਰ, "ਸਮੁੱਚੀ ਸਮਾਜਿਕ ਤਬਦੀਲੀ ਦਾ ਆਧਾਰ ਹੀ ਤਕਨਾਲੌਜੀ ਹੈ"।

1990 ਤੋਂ ਬਾਅਦ ਸੋਵੀਅਤ ਸੰਘ ਅਤੇ ਅਮਰੀਕਾ ਵਿੱਚ ਚਲ ਰਿਹਾ 'ਸ਼ੀਤ ਯੁੱਧ' ਸੋਵੀਅਤ ਸੰਘ ਦੇ ਟੁੱਟਣ ਕਰਕੇ ਖਤਮ ਹੋ ਗਿਆ। ਜਿਸ ਦਾ ਪ੍ਰਭਾਵ ਸਿੱਧੇ-ਅਸਿੱਧੇ ਤੌਰ 'ਤੇ ਪੂਰੇ ਸੰਸਾਰ ਉੱਤੇ ਵੇਖਣ ਨੂੰ ਮਿਲਿਆ ਅਤੇ ਪੰਜਾਬ 'ਤੇ ਵੀ ਪੈਣਾ ਲਾਜ਼ਮੀ ਸੀ। ਅਮਰੀਕਾ ਦੀ ਸਰਦਾਰੀ ਹੋਣ ਕਰਕੇ ਅਮਰੀਕਾ ਦੇ ਸਿਧਾਂਤ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਨੂੰ ਅਪਣਾਉਣ ਵਾਲੇ ਦੇਸ਼ਾਂ ਵਿਚੋਂ ਭਾਰਤ ਵੀ ਇੱਕ ਸੀ। ਉਦਯੋਗੀਕਰਨ, ਸੰਚਾਰ ਸਾਧਨਾਂ ਦਾ ਵਿਕਾਸ, ਇੰਟਰਨੈੱਟ ਜਾਂ ਵਰਡ ਵਾਇਡ ਵੈੱਬ, ਮੋਬਾਇਲ ਫੋਨ, ਤਕਨਾਲੌਜੀ, ਨਵੇਂ ਕਾਨੂੰਨ ਅਤੇ ਨਵੇਂ ਵਰਡ ਆਡਰ ਦੀ ਨੀਤੀ ਕਰਕੇ ਆਮ ਜੀਵਨ ਵਿੱਚ ਹੁੰਦੇ ਪਰਿਵਰਤਨ ਆਮ ਦੇਖਣ ਨੂੰ ਮਿਲਦੇ ਸਨ। ਇਸ ਸਾਰੇ ਤਕਨੀਕੀ ਵਿਕਾਸ ਦਾ ਪ੍ਰਭਾਵ ਸਮਾਜ ਦੇ ਹਰ ਵਰਗ ਉੱਤੇ ਪਿਆ। ਜਿਸ ਕਰਕੇ ਬਹੁ-ਕੌਮੀ ਕੰਪਨੀਆਂ ਦਾ ਨਿਰਮਾਣ, ਕੁਦਰਤ ਨੂੰ ਉਜਾੜ ਕੇ ਸ਼ਹਿਰਾਂ ਦੀ ਉਸਾਰੀ, ਪਿੰਡ ਛੱਡ ਸ਼ਹਿਰਾਂ ਵਿੱਚ ਜਾ ਵੱਸਣਾ, ਸੰਯੁਕਤ ਪਰਿਵਾਰਾਂ ਦਾ ਟੁੱਟਣਾ, ਔਰਤਾਂ-ਮਰਦਾਂ ਦੇ ਸੰਬੰਧ, ਵਰਜਿਤ ਰਿਸ਼ਤੇ, ਮੱਧ-ਵਰਗੀ ਪੜ੍ਹੀ ਲਿਖੀ ਔਰਤ ਦੀ ਮਾਨਸਿਕਤਾ ਅਤੇ ਸੁਤੰਤਰਤਾ, ਵਿਆਹ ਤੋਂ ਬਾਹਰ ਸੰਬੰਧ, ਪੂੰਜੀਵਾਦ ਦੇ ਥੱਲੇ ਦੱਬੀ ਮਾਨਵਤਾ, ਬਾਹਰੀ ਵਿਖਾਵੇ ਦੀ ਦੌੜ, ਬਰੈਂਡਡ ਕੱਪੜਿਆ ਅਤੇ ਮਹਿੰਗੀਆਂ ਗੱਡੀਆਂ ਦੀ ਚਕਾਚੌਂਧ, ਬਹੁ-ਕੌਮੀ ਕੰਪਨੀਆਂ ਦਾ ਗਾਹਕਾਂ ਦੀ ਮਾਨਸਿਕਤਾ ਵਿੱਚ ਘਰ ਕਰ ਜਾਣਾ, ਸ਼ੋਸਲ ਮੀਡੀਆ ਆਦਿ ਆਰਥਿਕ ਅਤੇ ਸਮਾਜਿਕ ਪਰਿਵਰਤਨ ਤਕਨੌਲਜੀ ਦੇ ਵਾਧੇ ਕਾਰਨ ਹੋਏ।ਉੱਥੇ ਹੀ ਪੰਜਾਬ ਵਿੱਚ ਚਲ ਰਹੀ ਨਕਸਲਵਾੜੀ ਲਹਿਰ, ਪੰਜਾਬ ਸੰਕਟ ਅਤੇ 1992-93 ਦੀ 73ਵੀ ਸੰਵਿਧਾਨਿਕ ਸੋਧ ਰਾਹੀ ਪੰਚਾਇਤ ਰਾਜ ਐਕਟ ਨੇ ਪੰਜਾਬ ਦੀ ਕੁੱਲ ਲੋਕਾਈ ਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ, ਇਹ ਸਭ ਜਟਿਲ ਸਮਾਜ ਦੇ ਸੂਖਮ ਪੱਖ ਹਨ, ਜਿਨ੍ਹਾਂ ਦਾ ਮਨੁੱਖ 'ਤੇ ਪ੍ਰਭਾਵ ਪੈਣ ਕਰਕੇ ਸਾਹਿਤ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਸੀ।ਵੱਡੇ ਆਕਾਰ ਦਾ ਹੋਣ ਕਰਕੇ ਨਾਵਲ ਆਮ ਬੰਦੇ ਦੇ ਜੀਵਨ ਦੀ ਤਸਵੀਰ ਪੇਸ਼ ਕਰਨ ਲਈ ਸਾਹਿਤ ਦਾ ਉਤਮ ਰੂਪ ਹੈ।

ਡਾ. ਸਵਿੰਦਰ ਸਿੰਘ ਉੱਪਲ, ਫ਼ਾਸਟਰ ਦੇ ਹਵਾਲੇ ਨਾਲ ਗੱਲ ਕਰਦਿਆਂ ਆਖਦੇ ਹਨ ਕਿ, "ਨਾਵਲ ਜੀਵਨ ਦੇ ਗੁੱਝੇ ਭੇਤਾਂ ਨੂੰ ਮੂਰਤੀਮਾਨ ਕਰਨ ਦੀ ਸ਼ਕਤੀ ਰੱਖਦਾ ਹੈ"।

ਪੰਜਾਬੀ ਨਾਵਲਕਾਰੀ ਵਿੱਚ ਇਸ ਬਦਲਾਅ ਨੂੰ ਜੋ ਭਾਵੇਂ ਇਨਕਲਾਬ ਦੇ ਰੂਪ ਵਿੱਚ ਜਾਂ ਹੌਲੀ-ਹੌਲੀ ਸਮਾਜਿਕ ਤਬਦੀਲੀ ਕਰਕੇ ਆਇਆ, ਜਿਸ ਨੇ ਪੰਜਾਬ ਦੇ ਹਰ ਵਰਗ ਨੂੰ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਮਾਨਸਿਕ ਪੱਖੋਂ ਪ੍ਰਭਾਵਿਤ ਕੀਤਾ ਆਦਿ ਦਾ ਬੜੀ ਸੂਖਮਤਾ ਨਾਲ ਅਧਿਐਨ ਕੀਤਾ ਹੈ।

ਅਧਿਐਨ ਸਮੱਗਰੀ

ਮੇਰੇ ਖੋਜ ਕਾਰਜ ਦੀ ਸਮੱਗਰੀ ਵਿੱਚ ਅਵਤਾਰ ਸਿੰਘ ਬਿੰਲਿਗ ਦੇ ਨਾਵਲ 'ਨਰਿੰਜਣ ਮਸ਼ਾਲਚੀ', 'ਖੇੜੇ ਸੁਖ ਵੇਹੜੇ ਸੁਖ', 'ਇਹਨਾਂ ਰਾਹਾਂ ਉੱਤੇ', 'ਪੁੱਤ ਕਮਲਾ ਗਏ', 'ਦੀਵੇ ਜਗਦੇ ਰਹਿਣ', 'ਖਾਲੀ ਖੂਹਾਂ ਦੀ ਕਥਾ', 'ਗੁਲਾਬੀ ਨਗ਼ ਵਾਲੀ ਮੁੰਦਰੀ' ਅਤੇ 'ਰਿਜ਼ਕ' , ਨਛੱਤਰ ਦੇ ਨਾਵਲ 'ਬੁੱਢੀ ਸਦੀ ਦਾ ਮਨੁੱਖ', 'ਬਾਕੀ ਦਾ ਸੱਚ', 'ਨਿੱਕੇ-ਨਿੱਕੇ ਅਸਮਾਨ', 'ਹਨੇਰੀਆਂ ਗਲੀਆਂ', 'ਸਲੋਅ ਡਾਊਨ', 'ਕੈਂਸਰ ਟਰੇਨ', 'ਕਵਣੁ ਦੇਸ ਹੈ ਮੇਰਾ' ਅਤੇ 'ਮੁਹਾਜ਼', ਅਤੇ ਜਸਬੀਰ ਮੰਡ ਦੇ 'ਔੜ ਦੇ ਬੀਜ' 'ਆਖਰੀ ਪਿੰਡ ਦੀ ਕਥਾ', 'ਖਾਜ', 'ਆਖਰੀ ਬਾਬੇ' ਅਤੇ 'ਚੁਰਾਸੀ ਲੱਖ ਯਾਦਾਂ' ਆਦਿ ਨਾਵਲਾਂ ਨੂੰ ਲਿਆ ਗਿਆ ਹੈ।

'ਅਵਤਾਰ ਸਿੰਘ ਬਿਲਿੰਗ' ਦਾ ਪੰਜਾਬੀ ਜਗਤ ਵਿੱਚ ਬਹੁਤ ਹੀ ਆਦਰਯੋਗ ਸਥਾਨ ਹੈ। ਉਸਨੇ ਸਾਹਿਤ ਜਗਤ ਵਿੱਚ ਆਪਣੀ ਇਕ ਨਿਵੇਕਲੀ ਪਛਾਣ ਬਣਾਈ ਹੈ। ਭਾਵੇਂ ਕਿ ਉਸਨੇ ਆਪਣੇ ਲਿਖਣ ਦੀ ਸ਼ੁਰੂਆਤ ਕਹਾਣੀ ਤੋਂ ਕੀਤੀ ਪਰ ਉਸਦੀ ਵਿਲੱਖਣ ਪ੍ਰਤਿਭਾ ਉਸਦੇ ਨਾਵਲ 'ਨਰੰਜਣ ਮਸ਼ਾਲਚੀ' ਵਿੱਚੋਂ ਨਿਖਰ ਕੇ ਸਾਹਮਣੇ ਆਉਂਦੇ ਹੈ, ਜਿਸ ਨੇ ਸਮਾਜ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਅਤੇ ਆਲੋਚਕਾਂ ਦੁਆਰਾ ਇਸ ਨਾਵਲ ਉੱਪਰ ਕਾਫੀ ਚਰਚਾ ਹੋਈ। ਬਿਲਿੰਗ ਨੇ 'ਢਾਹੇ' ਦੇ ਇਲਾਕੇ ਨੂੰ ਆਧਾਰ ਬਣਾ ਕੇ ਸਾਹਿਤ ਰਚਨਾ ਕੀਤੀ ਹੈ। ਇਹ ਮਾਲਵੇ ਦਾ ਉਹ ਇਲਾਕਾ ਹੈ ਜਿਹੜਾ ਪੁਰਾਣੇ ਲੁਧਿਆਣੇ ਜ਼ਿਲ੍ਹੇ ਦੀ ਸਮਰਾਲਾ ਤਹਿਸੀਲ ਵਿੱਚ ਪੈਂਦਾ ਹੈ। ਉਸਦੇ ਨਾਵਲਾਂ ਤੇ ਕਹਾਣੀਆਂ ਵਿੱਚ ਇਸ ਇਲਾਕੇ ਦੇ ਘੱਟੋ-ਘੱਟ ਪੰਜਾਹ ਪਿੰਡਾਂ ਦਾ ਜ਼ਿਕਰ ਆਇਆ ਹੈ।

ਅਵਤਾਰ ਸਿੰਘ ਬਿਲਿੰਗ ਨੇ ਆਪਣੇ ਨਾਵਲਾਂ ਵਿੱਚ ਹਰ ਇਕ ਵਿਸ਼ੇ ਨੂੰ ਪੇਸ਼ ਕੀਤਾ ਹੈ। ਉਸ ਨੇ ਆਪਣੇ ਨਾਵਲਾਂ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਹੋਏ ਵਿਕਾਸ ਕਾਰਨ ਕਿਸਾਨੀ ਦੇ ਸੰਕਟਗ੍ਰਸਤ ਹੋਣ, ਕੁਦਰਤ ਦਾ ਨੁਕਸਾਨ, ਮਨੁੱਖੀ ਕਿਰਦਾਰਾਂ ਦਾ ਹੌਲ਼ੇ ਹੋਣਾ, ਰਿਸ਼ਤਿਆਂ ਦਾ ਟੁੱਟਣਾ, ਪੰਜਾਬ ਸੰਕਟ ਅਤੇ ਇਸ ਸਮੇਂ ਦੌਰਾਨ ਧਰਮਾਂ ਦੀ ਸਿਆਸਤ ਦਾ ਅਸਲੀ ਰੂਪ ਸਾਹਮਣੇ ਆਉਂਣਾ, ਲੋਕ ਮਨਾਂ ਅੰਦਰਲੀਆਂ ਸੰਵੇਦਨਾਵਾਂ ਦਾ ਪਰਿਵਰਤਨ ਹੋਣਾ ਅਤੇ ਇਸ ਤੋਂ ਇਲਾਵਾ ਵਿਦੇਸ਼ਾਂ ਵੱਲ ਜਾਣ ਦੀ ਦੌੜ, ਔਰਤ ਦੀ ਦੁਰਦਸ਼ਾ ਤੇ ਅਨਜੋੜ ਵਿਆਹ ਦੀ ਸਮੱਸਿਆ ਆਦਿ ਨੂੰ 'ਢਾਹੇ' ਦੇ ਪੇਂਡੂ ਜੀਵਨ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਦੇ ਹੋਏ ਉੱਥੋਂ ਦੇ ਲੋਕਾਂ ਦੀਆਂ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਤੇ ਆਰਥਿਕ ਹਾਲਤਾਂ ਨੂੰ ਪੇਸ਼ ਕੀਤਾ ਹੈ।

ਅਵਤਾਰ ਸਿੰਘ ਬਿਲਿੰਗ ਦੇ ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇ ਪੰਜਾਬ ਦੇ ਪੇਂਡੂ ਜੀਵਨ ਅਤੇ ਨਿਮਨ ਕਿਸਾਨੀ ਦੇ ਆਰਥਿਕ ਥੁੜ੍ਹਾਂ ਤੇ ਭਾਵੁਕ ਵਿਗੋਚਿਆ ਵਾਲੇ ਜੀਵਨ ਤੇ ਸੰਤਾਪ ਦੀ ਯਥਾਰਥਕ ਤਸਵੀਰ ਪੇਸ਼ ਹੋਈ ਹੈ। ਸਾਡੀ ਪੇਂਡੂ ਆਰਥਿਕਤਾ ਦੀ ਚੂਲ ਜ਼ਮੀਨ ਜਾਇਦਾਦ ਤੇ ਫਿਰ ਕੋਈ ਹੋਰ ਜ਼ਿਆਦਾ ਜ਼ਮੀਨ ਇੱਕਠੀ ਕਰਨ ਦੀ ਦੌੜ ਵਿੱਚ ਨਜ਼ਰ ਆਉਂਦਾ ਹੈ ਤੇ ਇਸ ਤਰ੍ਹਾਂ ਦਾ ਝਗੜਾ, ਕਤਲ ਅਤੇ ਮੁਕੱਦਮੇਬਾਜ਼ੀ ਮੁੱਲ ਲੈਂਦਾ ਹੈ।ਨਿਮਨ ਕਿਸਾਨੀ, ਆਰਥਿਕ ਤੰਗੀਆਂ ਕਰਕੇ ਪਰਿਵਾਰਕ ਰਿਸ਼ਤਿਆਂ ਨੂੰ ਮਰਿਆਦਾ ਅਤੇ ਸਦਾਚਾਰ ਕੀਮਤਾਂ ਦੀ ਉਲੰਘਣ ਕਰਦੀ ਹੈ। ਇਸ ਦੀ ਇਕ ਹੋਰ ਤ੍ਰਾਸਦੀ, ਘੱਟ ਜ਼ਮੀਨ ਅਤੇ ਸਰੀਰਿਕ ਨੁਕਸ ਹੋਣ ਕਰਕੇ ਪੁੰਨ ਦਾ ਸਾਕ ਨਹੀਂ ਹੁੰਦਾ ਤੇ ਇਸ ਦੇ ਬਦਲ ਰੂਪ ਜਿਸ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਆਪਣਾ ਪ੍ਰਭਾਵ ਪਾਇਆ, ਫ਼ੌਜੀ ਜੈਮਲ ਸਿੰਘ ਮੁੱਲ ਦੀ ਤੀਵੀ ਚੰਦ ਕੌਰ ਤੇ ਪਾਖਰ ਪੂਰਬਣੀ ਲੈ ਕੇ ਆਉਂਦਾ ਹੈ। ਪਿੰਡਾਂ ਵਿੱਚ ਇਸ ਸਮੇਂ ਸਿੱਖੀ ਪ੍ਰਚਾਰ ਅਤੇ ਨਕਸਲਵਾੜੀ ਲਹਿਰ ਨਾਲ ਆਮ ਲੋਕਾਂ ਦੀ ਮਾਨਸਿਕਤਾ ਵੀ ਬਦਲ ਦੀ ਵੇਖਣ ਨੂੰ ਮਿਲਦੀ ਹੈ।

'ਖੇੜੇ ਸੁੱਖ ਵਿਹੜੇ ਸੁੱਖ' ਨਾਵਲ ਆਖਰੀ ਪਲੇਗ ਅਰਥਾਤ 1908-09 ਤੋਂ 60ਵਿਆਂ ਦੀ ਮੁਰੱਬੇਬੰਦੀ ਤੱਕ ਦੇ ਪਿੰਡ ਨੂੰ ਪੇਸ਼ ਕਰਦਾ ਹੈ। ਉਹ ਪਿੰਡ ਜੋ ਜ਼ਿਆਦਾ ਭਾਈਚਾਰਕ ਅਤੇ ਸਮੂਹਿਕ ਜੀਵਨ ਜਿਉਂਦਾ ਸੀ। ਜਿਸਦਾ ਆਸ਼ਾ ਹੀ 'ਖੇੜੇ ਸੁੱਖ ਵਿਹੜੇ ਸੁੱਖ' ਸੀ। ਅਰਥਾਤ ਜੇ ਨਗਰ ਸਮਾਜ ਜਾਂ ਸਮੂਹ ਸੁਖੀ ਵੱਸੇਗਾ ਤਾਂ ਹੀ ਪਰਿਵਾਰ ਜਾਂ ਵਿਅਕਤੀ ਨੂੰ ਸੁੱਖ ਨਸੀਬ ਹੋਵੇਗਾ। ਇਹ ਨਾਵਲ

ਤ੍ਰੈਲੜੀ ਨਾਵਲ ਹੈ। ਇਸ ਨਾਵਲ ਵਿਚਲੇ ਪਿੰਡ ਦੇ ਲੋਕ ਕਿਸੇ ਇਕ ਧਰਮ ਨੂੰ ਨਹੀਂ ਮੰਨਦੇ ਸਗੋਂ ਉਹਨਾਂ ਦਾ ਅਕੀਦਾ ਸਰਵ-ਧਰਮ ਵਾਲਾ ਹੈ। ਨੌਗਜ਼ੀਆ ਪੀਰ, ਸੰਗਲਾਂ ਵਾਲੇ ਸ਼ਹੀਦ, ਸ਼ਿਵਾਲਾ, ਗੁੱਗੇ ਦੀ ਮਾੜੀ ਅਤੇ ਪੰਚਮ ਦਾਸ ਦੇ ਡੇਰੇ ਦੀ ਲੋਕ ਇਕੋ ਜਿੰਨੀ ਸ਼ਰਧਾ ਨਾਲ ਪੂਜਾ ਕਰਦੇ ਹਨ। ਉਹ ਲੋਕ ਤਾਂ ਖੇੜੇ ਸੁੱਖੀ ਵਿਹੜੇ ਸੁੱਖ ਦੇ ਹੀ ਧਾਰਨੀ ਹਨ। ਇਸ ਨਾਵਲ ਵਿੱਚ 47 ਦੀ ਦੇਸ਼ ਵੰਡ ਦੌਰਾਨ ਭਾਈਚਾਰਕ ਸਾਂਝ ਕਿਵੇਂ ਹੈਵਾਨੀਅਤ ਦਾ ਰੂਪ ਲੈ ਲੈਦੀ ਹੈ ਅਤੇ ਮੁਰੱਬੇਬੰਦੀ ਦੌਰਾਨ ਬਦਲਦਾ ਭਾਈਚਾਰਾ ਅਤੇ ਮਨੁੱਖੀ ਸੁਭਾਅ ਵਿੱਚ ਪਰਿਵਰਤਨ ਆਉਂਣਾ ਸੂਖਮ ਢੰਗ ਨਾਲ ਪੇਸ਼ ਕੀਤੇ ਹਨ। ਨਾਵਲ ਵਿੱਚ ਤੀਵੀਆਂ ਦੀ ਵੇਚ ਖਰੀਦ ਦਾ ਜ਼ਿਕਰ ਆਉਂਦਾ ਹੈ। ਆਪਸੀ ਲੜਾਈ ਝਗੜੇ ਵੀ ਹੁੰਦੇ ਹਨ ਤੇ ਮੁਕੱਦਮੇ ਚੱਲਦੇ ਹਨ। ਬੱਬਰ ਅਕਾਲੀ, ਨਾਮਧਾਰੀ, ਕਾਂਗਰਸ, ਇਹਤਿਆਦੀ ਪਾਰਟੀਆਂ ਦਾ ਰਾਜਨੀਤਿਕ, ਸਮਾਜਿਕ ਪ੍ਰਭਾਵ ਵੀ ਆਮ ਲੋਕਾਈ ਵਿੱਚ ਵੇਖਣ ਨੂੰ ਮਿਲਦਾ ਹੈ। ਦੂਜੀ ਵੱਡੀ ਜੰਗ ਮੁੱਕਣ ਤੋਂ ਬਾਅਦ ਪਿੰਡ ਆਧੁਨਿਕੀਕਰਨ ਵੱਲ ਜਾਦੇ ਹਨ, ਖੇਤੀ ਦਾ ਕੰਮ ਬਿਜਲੀ ਨਾਲ ਹੋਣਾ ਸ਼ੁਰੂ ਹੋ ਜਾਂਦਾ ਹੈ। ਪਿੰਡ ਦੀ ਨੁਹਾਰ ਬਦਲਣੀ ਸ਼ੁਰੂ ਹੋ ਜਾਂਦੀ ਹੈ।

'ਇਹਨਾਂ ਰਾਹਾਂ ਉੱਤੇ' ਨਾਵਲ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੀ ਕਿਸਾਨੀ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਤੇ ਨੈਤਿਕ ਕਦਰ-ਪ੍ਰਬੰਧ ਵਿੱਚ ਆ ਰਹੀਆਂ ਅਣਕਿਆਸੀਆਂ ਤਬਦੀਲੀਆਂ ਨੂੰ ਉਹਨਾਂ ਦੇ ਵੱਖਰੇ-ਵੱਖਰੇ ਪਾਸਾਰਾਂ ਸਮੇਤ ਰੂਪਮਾਨ ਕਰਦਾ ਹੈ ਅਤੇ ਰੂਪਮਾਨ ਕਰਨ ਸਮੇਂ ਪੰਜਾਬੀ ਸਮਾਜ ਦੇ ਰਿਸ਼ਤਾ-ਨਾਤਾ, ਵਿਆਹ ਦੀ ਸੰਸਥਾ, ਪਰਿਵਾਰ ਦੀ ਸੰਸਥਾ ਅਤੇ ਸਾਂਝੀ ਜੀਵਨ ਜਾਂਚ ਵਿੱਚ ਵਾਪਰ ਰਹੇ ਪਰਿਵਰਤਨਾਂ ਨੂੰ ਪੇਸ਼ ਕਰਦਾ ਹੈ। ਨਾਵਲ ਵਿੱਚ ਖੇਤੀ ਦੇ ਤੇਜੀ ਨਾਲ ਹੋਏ ਮਸ਼ੀਨੀਕਰਨ, ਆਵਾਜਾਈ ਦੇ ਸੰਚਾਰ ਸਾਧਨਾਂ ਵਿੱਚ ਹੋਏ ਵਾਧੇ, ਵਿੱਦਿਆ ਦੇ ਫੈਲਾਅ, ਨਵੀਆਂ ਸਨਅਤਾਂ ਦੀ ਸਥਾਪਨਾ ਅਤੇ ਬਦਲਦੇ ਰੂਪ ਨੂੰ ਦਰਸਾਇਆ ਹੈ। ਜਿਸ ਦੇ ਸਿੱਟੇ ਦੇ ਵਜੋਂ ਮੱਧ ਵਰਗੀ ਕਿਸਾਨ ਦੀਆਂ ਕੋਠੀਆਂ, ਜੀਪਾਂ, ਕੰਬਾਈਨਾਂ ਸਭ ਕਰਜ਼ੇ ਦੇ ਸਿਰ 'ਤੇ ਚੱਲਦੀਆਂ ਨਜ਼ਰ ਆਉਂਦੀਆਂ ਹਨ। ਇਸੇ ਦੇ ਤਰ੍ਹਾਂ ਨਾਵਲ ਵਿੱਚ ਲੋਕਾਂ ਅੰਦਰ ਵੱਧ ਰਹੀ ਜ਼ਮੀਨ ਦੀ ਲਾਲਸਾ, ਔਰਤ ਤਿੰਨ ਪੀੜ੍ਹੀਆਂ ਦੇ ਜੀਵਨ ਬਦਲਾਅ ਅਤੇ ਤ੍ਰਾਸਦੀ, ਔਰਤ-ਮਰਦ ਦੇ ਰਿਸ਼ਤੇ, ਰੋਜ਼ਗਾਰ ਲਈ ਨਵੀਂ ਪੀੜ੍ਹੀ ਵਿੱਚ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਣ ਵਿੱਚ ਵਾਧਾ ਆਦਿ ਕਈ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ।

'ਪੁੱਤ ਕਮਲਾ ਗਏ' ਨਾਵਲ ਵਿੱਚ ਪੇਂਡੂ ਸਮਾਜ ਦੇ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਨੈਤਿਕ ਕਦਰ ਪ੍ਰਬੰਧਾਂ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਦੋ ਪਰਿਵਾਰਾਂ ਦੀ ਕਥਾ ਰਾਹੀ ਬਿਆਨ ਕੀਤਾ ਹੈ। ਜਾਤ ਆਧਾਰਿਤ ਰਾਜਨੀਤੀ ਨੇ ਭਾਰਤੀ ਸਮਾਜ ਵਿੱਚ ਅਸਾਵਾਂਪਣ ਪੈਦਾ ਕੀਤਾ ਹੈ, ਜਿਸ ਕਾਰਨ ਸਵਰਨ ਜਾਤੀ ਨੌਜਵਾਨਾਂ ਅਤੇ ਰਿਜ਼ਰਵ ਕੈਟੇਗਰੀ ਦੇ ਅਤਿ ਦੀ ਗਰੀਬੀ ਭੋਗਦੇ ਪੜ੍ਹੇ ਲਿਖੇ ਪਰ ਮੌਕਿਆਂ ਤੋਂ ਸੱਖਣੇ ਵਰਗ ਵਿੱਚ ਨਿਰਾਸ਼ਾ ਪਸਰ ਗਈ ਹੈ। ਨਤੀਜੇ ਵਜੋਂ ਬੇਰੁਜ਼ਗਾਰ ਨੌਜਵਾਨਾਂ ਦਾ ਨਸ਼ਈ ਹੋਣਾ, ਘਰੇਲੂ ਕਲੇਸ਼ ਅਤੇ ਖੁਦਕੁਸ਼ੀ ਕਰ ਜਾਣਾ। ਰਾਖਵੇਂਕਰਨ ਕਰਕੇ ਦਲਿਤ ਵਰਗ ਦੇ ਲੋਕ ਪੜ੍ਹ ਲਿਖ ਗਏ ਅਤੇ ਅਫਸਰ ਬਣ ਕੇ ਉਹਨਾਂ ਦੀ ਆਰਥਿਕ ਹਾਲਾਤ ਆਮ ਕਿਸਾਨਾਂ ਨਾਲ ਬੇਹਤਰ ਹੋ ਗਈ ਪਰ ਪੇਂਡੂ ਸਮਾਜ ਵਿੱਚ ਉਹਨਾਂ ਦੀ ਸਮਾਜਿਕ ਹਾਲਾਤ ਪਹਿਲਾਂ ਵਾਲੀ ਸੀ, ਉਹਨਾਂ ਨਾਲ ਜਾਤੀ ਭੇਦ-ਭਾਵ ਪਹਿਲਾਂ ਵਾਂਗ ਹੀ ਕੀਤਾ ਜਾਂਦਾ ਸੀ। ਉਹ ਚਾਹੇ ਰੁਲਦੇ ਫਰੌਟੀਆ ਵੱਲੋਂ ਗੁਰੂ ਘਰ ਵਿੱਚ ਪੰਜਾਹ ਰੁਪਏ ਦੀ ਅਰਦਾਸ ਕਰਵਾਉਂਣ ਵੇਲੇ ਗੁਰਦੁਆਰੇ ਦੇ ਭਾਈ ਵੱਲੋਂ ਚੌਥੇ ਪੋਹੜੇ ਵਾਲਾ ਕਹਿ ਕੇ ਤ੍ਰਿਸਕਾਰਨਾ।ਉਥੇ ਜੈਬੇ ਵਰਗੇ ਘੱਟ ਜ਼ਮੀਨੇ ਕਿਸਾਨਾਂ ਦਾ ਕਰਜ਼ੇ ਵਿੱਚ ਡੁੱਬਦੇ ਜਾਣਾ। ਇਸ ਆਰਥਿਕ ਸੰਕਟ ਕਰਕੇ ਨੌਜਵਾਨਾਂ ਦਾ ਕਰਜ਼ੇ ਲੈ ਕੇ ਵਿਦੇਸ਼ਾਂ ਵਿੱਚ ਜਾਣਾ, ਔਰਤਾਂ ਦੀ ਤਰਸਯੋਗ ਹਾਲਾਤ, ਵਿਆਹ ਬਾਹਰੀ ਸੰਬੰਧ, ਪਰਿਵਾਰਾਂ ਦਾ ਟੁੱਟਣਾ, ਔਰਤਾਂ ਦਾ ਜੋਤਸ਼ੀਆਂ ਅਤੇ ਸਾਧਾਂ ਦੇ ਵੱਸ ਪੈਣਾ, ਬੇਰੁਜ਼ਗਾਰੀ ਅਤੇ ਰਾਖਵੇਂਕਰਨ ਕਰਕੇ ਹੀਣ ਭਾਵਨਾ ਰੱਖਣੀ, ਨਸ਼ਿਆ ਵੱਲ ਵੱਧਦੀ ਜਵਾਨੀ, ਖੁਦਕੁਸ਼ੀਆਂ ਆਦਿ ਸਮੱਸਿਆਵਾਂ ਵੇਖਣ ਨੂੰ ਮਿਲਦੀਆਂ ਹਨ।

'ਦੀਵੇ ਜਗਦੇ ਰਹਿਣਗੇ' ਨਾਵਲ ਆਜ਼ਾਦੀ ਤੋਂ ਬਾਅਦ ਕੋਈ 50-60 ਸਾਲਾਂ ਦੇ ਅਰਸੇ ਵਿੱਚ ਫੈਲਿਆ ਹੋਇਆ ਹੈ, ਜੋ ਜਾਗੀਰਦਾਰੀ ਸਿਸਟਮ ਦੀ ਰਹਿੰਦ-ਖੂੰਹਦ ਅਤੇ ਪੂੰਜੀਵਾਦੀ ਸਿਸਟਮ ਨੂੰ ਅਪਣਾ ਰਹੇ ਸਮਾਜ ਦੇ ਹਰ ਧਰਾਤਲ 'ਤੇ ਆਏ ਪਰਿਵਰਤਨਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

ਡਾ. ਹਰਮਿੰਦਰ ਸਿੰਘ ਦੇ ਅਨੁਸਾਰ, "ਬਿਲਿੰਗ ਨੇ ਆਪਣੀ ਲੇਖਣੀ ਵਿੱਚ ਪੰਜਾਬ ਦੇ ਵਿਸ਼ੇਸ਼ ਭੂ-ਖੰਡ ਜਿਸਨੂੰ 'ਢਾਹੇ' ਦਾ ਇਲਾਕਾ ਕਿਹਾ ਜਾਂਦਾ ਹੈ, ਨੂੰ ਆਧਾਰ ਬਣਾਇਆ ਹੈ। ਇਸ ਖਿੱਤੇ ਦੇ ਲੋਕਾਂ ਦੀਆਂ ਮੁੱਖ ਆਰਥਿਕ, ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤਬਦੀਲੀਆਂ ਨੂੰ ਬੜੀ ਨੀਝ ਨਾਲ ਅਗਰਭੂਮੀ ਵਿੱਚ ਲਿਆਦਾ ਹੈ"।3 ਇਹ ਨਾਵਲ ਦਲੇਰ ਸਿੰਘ ਅਤੇ ਦਲੀਪ ਸਿੰਘ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ 'ਤੇ ਕੇਂਦਰਿਤ ਹੈ। ਇਸ ਨਾਵਲ ਵਿੱਚ ਧੰਨ, ਸੰਪਤੀ, ਜਮੀਨ ਜਾਇਦਾਦਾਂ ਅਤੇ ਉਪਜਦੇ ਹੋਰ ਸੋਮਿਆਂ ਤੋਂ ਕਾਬਜ਼ ਹੋ ਕੇ ਧਨੀ ਕਿਸਾਨੀ, ਹਰ ਤਰ੍ਹਾਂ ਦੇ

ਨੈਤਿਕ ਨਿਘਾਰ ਦਾ ਸ਼ਿਕਾਰ ਹੋ ਰਹੀ ਹੈ। ਆਜ਼ਾਦੀ ਤੋਂ ਬਾਅਦ ਆਏ ਪਰਿਵਰਤਨਾਂ ਜਿਵੇਂ ਕਿ ਮੁਰੱਬੇਬੰਦੀ, ਪਿੰਡਾਂ ਵਿੱਚ ਬਿਜਲੀ ਦੀ ਪਹੁੰਚ, ਬਦਲਾਂ ਨਾਲ ਖੇਤੀ, ਹਲਟਾਂ ਨਾਲ ਸਿੰਚਾਈ, ਦਲਿਤਾਂ ਅਤੇ ਉਹਨਾਂ ਦੇ ਵਿਹੜੇ ਦੀਆਂ ਸਮੱਸਿਆਵਾਂ, ਖੇਤੀਬਾੜੀ ਦਾ ਮਸ਼ੀਨੀਕਰਨ, ਜ਼ਮੀਨ ਲਈ ਵੱਧਦੀ ਲਾਲਸਾ, ਕਿਰਤੀ ਕਿਸਾਨ ਲਹਿਰਾਂ, ਨਕਸਲਵਾੜੀ ਲਹਿਰ ਦਾ ਪਣਪਣਾ, ਫਸਲੀ ਚੱਕਰ, ਪੰਜਾਬੀ ਮੋਰਚੇ, ਜੱਟਵਾਦੀ ਹੈਂਕੜ, ਸਿਆਸਤ ਅਤੇ ਸਰਪੰਚੀ ਲਈ ਹਰ ਹੀਲੇ ਅਪਣਾਉਣੇ, ਅਣਖ ਖਾਤਰ ਕਤਲ, ਸਾਧਾਂ-ਸੰਤਾਂ ਦੀ ਪੁੱਛ ਪ੍ਰਤੀਤ, ਬੇਜ਼ਮੀਨੇ ਲੋਕਾਂ ਦਾ ਕੰਮ, ਰਹਿਣ ਲਈ ਸ਼ਹਿਰਾਂ ਵੱਲ ਕੂਚ, ਪੇਂਡੂ ਔਰਤਾਂ ਦੀ ਹੋਣੀ ਤੇ ਮਾਰਕੁਟ, ਪਰਿਵਾਰਾਂ ਦਾ ਟੁੱਟਕੇ ਖੇਰੂ-ਖੇਰੂ ਹੋਣਾ, ਜਮੀਨਾਂ ਦੇ ਲਾਲਚ ਖਾਤਰ ਲਾਣੇਦਾਰ ਵੱਲੋ ਵੱਡੀ ਵਿਧਵਾ ਨੂੰਹ ਨੂੰ ਛੋਟੇ ਵੱਸ ਪਾਉਣਾ, ਲਹਿਰ ਸਮੇਂ ਚਲੀ ਕਾਲੀ ਹਨੇਰੀ ਵਿੱਚ ਖਾੜਕੂਆਂ ਅਤੇ ਪੁਲਿਸ ਵੱਲੋ ਦੋਸ਼ੇ ਨਿਰਦੋਸ਼ਿਆਂ ਦੀ ਕੁੱਟ ਮਾਰ ਅਤੇ ਕਤਲ, ਨੌਜਵਾਨਾਂ ਦਾ ਵਿਦੇਸ਼ ਵੱਲ ਝੁਕਾਅ, ਪਿਤਾ ਪੁਰਖੀ ਕਿੱਤਿਆਂ ਵਿੱਚ ਬਦਲਾਅ, ਘੱਟ ਜ਼ਮੀਨੇ ਕਿਸਾਨੀ ਪਰਿਵਾਰਾਂ ਵਿੱਚ ਛੜਿਆ ਦੀ ਹੋਂਦ, ਕਰਜ਼ੇ ਦੀ ਸਮੱਸਿਆ, ਨਸ਼ਿਆ ਦੀ ਸਮੱਸਿਆ, ਨਵੀ ਸੂਚਨਾ ਤਕਨਾਲੋਜੀ ਦਾ ਪਾਸਾਰ ਆਦਿ ਨੂੰ ਪੇਸ਼ ਕੀਤਾ ਗਿਆ ਹੈ। ਨਾਵਲ ਵਿੱਚ ਪੰਜਾਬ ਦੀ ਕਿਸਾਨੀ ਦੇ ਪਾਸਾਰਾਂ ਦੇ ਨਾਲ-ਨਾਲ ਪੰਜਾਬੀ ਸੂਬੇ ਦੇ ਮੋਰਚੇ ਸੰਬੰਧੀ, ਨਕਸਲਬਾੜੀ ਲਹਿਰ, ਪੰਜਾਬ ਸੰਕਟ ਦਾ ਦੌਰ, ਧਰਮ ਦਾ ਜ਼ਿਕਰ ਆਦਿ ਵੱਖ-ਵੱਖ ਪਾਸਾਰ ਸਾਹਮਣੇ ਆਉਂਦੇ ਹਨ।

'ਖਾਲੀ ਖੂਹਾਂ ਦੀ ਕਥਾ' ਨਾਵਲ ਬਹੁਨਾਦੀ ਅਤੇ ਬਹੁ-ਪਾਸਾਰੀ ਅਰਥਚਾਰੇ ਵਾਲਾ ਹੈ। ਇਸ ਨਾਵਲ ਵਿੱਚ ਧੰਨ, ਸੰਪਤੀ, ਜਮੀਨ ਜਾਇਦਾਦਾਂ ਅਤੇ ਉਪਜਦੇ ਹੋਰ ਸੋਮਿਆਂ ਤੋਂ ਕਾਬਜ਼ ਹੋ ਕੇ ਧਨੀ ਕਿਸਾਨੀ, ਹਰ ਤਰ੍ਹਾਂ ਦੇ ਨੈਤਿਕ ਨਿਘਾਰ ਦਾ ਸ਼ਿਕਾਰ ਹੋ ਰਹੀ ਹੈ। ਡਾ. ਰਘੁਬੀਰ ਸਿੰਘ ਦੇ ਸ਼ਬਦਾਂ ਵਿੱਚ, "ਬਿਲਿੰਗ ਦੀ ਸਿਫਤ ਹੀ ਇਹ ਹੈ ਕਿ ਉਸਨੇ ਆਪਣੇ ਅਨੁਭਵ ਤੋਂ ਪਰ੍ਹਾਂ ਜਾਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਸੰਸਾਰ ਦੇ ਗਲੋਬਲ ਪਿੰਡ ਵਿੱਚ ਤਬਦੀਲ ਹੁੰਦੇ ਜਾਣ ਦੇ ਅਜੋਕੇ ਯਥਾਰਥ ਦੇ ਸਨਮੁੱਖ ਗਿਆਨ ਅਤੇ ਚਿੰਤਨ ਦੇ ਪੱਖ ਤੋਂ ਉਹ ਆਪਣੇ ਹੀ ਇਲਾਕੇ ਦੇ ਭਾਈਚਾਰੇ ਤੱਕ ਸੀਮਤ ਰਹਿੰਦਾ ਹੋਵੇ, ਅਜਿਹੀ ਗੱਲ ਨਹੀਂ। ਦੇਸ਼ ਤੋਂ ਅਗਾਂਹ ਸੰਸਾਰ ਪੱਧਰ ਉੱਤੇ ਵੱਖ-ਵੱਖ ਖੇਤਰਾਂ ਤੇ ਦਿਸ਼ਾਵਾਂ ਵਿੱਚ ਜੋ ਕੁਝ ਨਵਾਂ ਵਾਪਰ ਰਿਹਾ ਹੈ, ਉਸ ਦੇ ਜਾਣੂੰ ਰਹਿਣ ਅਤੇ ਤਾਲਮੇਲ ਬਿਠਾਉਣ ਦੀ ਉਹ ਪੂਰੀ ਕੋਸ਼ਿਸ਼ ਕਰਦਾ ਹੈ"।4

ਬਚਿੱਤਰ ਤੇ ਗਿਆਨੋ ਦੀ ਔਲਾਦ ਮਨੁੱਖੀ ਰਿਸ਼ਤਿਆਂ ਦੀ ਮਰਿਆਦਾ ਨੂੰ ਪਲੀਤ ਕਰਦੀ ਨਜ਼ਰ ਆਉਂਦੀ ਹੈ। ਨਸ਼ਿਆਂ ਦੇ ਸੇਵਨ, ਵਿਆਹ ਬਾਹਰੇ ਕਾਮ ਸੰਬੰਧਾਂ, ਜਾਇਦਾਦਾਂ ਦੀ ਲੜਾਈ ਅਤੇ ਇੱਕ ਦੂਜੇ ਉੱਤੇ ਸਰੀਰਕ ਹਿੰਸਾ ਅਨੂਪੇ, ਰੂਪਾਂ, ਗੁਰਸੋਹਨ, ਸਾਹਿਬਪ੍ਰੀਤ ਸਿੰਘ ਤੇ ਹੁਸਨਪ੍ਰੀਤ ਕੰਗ ਆਦਿ ਦਾ ਚਲਣ ਬਣ ਗਿਆ ਹੈ। ਨਵੀਂ ਪੀੜ੍ਹੀ ਦੇ ਮੁੰਡੇ ਆਪਣੀਆਂ ਲੰਪਟ ਕਾਮਨਾਵਾਂ ਕਰਕੇ ਵਿਆਹ ਬਾਹਰੇ ਕਾਮ ਸੰਬੰਧਾਂ ਵਿੱਚ ਖਚਿਤ ਹੋ ਕੇ ਨਿੰਪੁਸਕ ਹੋ ਰਹੇ ਹਨ। ਇਹਨਾਂ ਸਮੱਸਿਆਵਾਂ ਦੇ ਨਾਲ ਹੀ ਵਿਦੇਸ਼ ਜਾਣ ਦੀ ਸਮੱਸਿਆ ਨੂੰ ਵੀ ਪੇਸ਼ ਕੀਤਾ ਹੈ ਜਿਥੇ ਇਹ ਸਮੱਸਿਆ ਰੋਜ਼ਗਾਰ ਖਾਤਰ ਘੱਟ ਅਤੇ ਸ਼ੌਕ ਤੇ ਭੇਡਚਾਲ ਵੱਧ ਨਜ਼ਰ ਆਉਂਦੀ ਹੈ। ਹਰੀ ਕ੍ਰਾਂਤੀ ਤੋਂ ਬਾਅਦ ਖੇਤੀ ਦੇ ਬਦਲਦੇ ਢੰਗਾਂ ਦੇ ਨਾਲ ਨਾਲ ਕੁਦਰਤ ਦੇ ਹੁੰਦੇ ਵਿਨਾਸ਼ ਨੂੰ ਚਾਹੇ ਉਹ ਮਿੱਟੀ ਦੀ ਉਪਜਾਊ ਸ਼ਕਤੀ ਜਾਂ ਪਾਣੀ ਦਾ ਦਿਨੋ-ਦਿਨ ਘੱਟ ਰਿਹਾ ਸਤਰ ਆਦਿ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸੇ ਨਾਲ ਹੀ ਤਕਨੀਕੀ ਵਿਕਾਸ ਕਰਕੇ ਮਨੁੱਖੀ ਜੀਵਨ ਵਿੱਚ ਆਏ ਪਰਿਵਰਤਨ ਜਿਵੇ ਟਰੈਕਟਰ, ਕੰਬਾਈਨ, ਖੇਤੀ ਦੇ ਹੋਰ ਸੰਦ, ਕਾਰਾਂ-ਗੱਡੀਆਂ, ਮੋਬਾਈਲ ਫੋਨ, ਇੰਟਰਨੈੱਟ ਆਦਿ ਨਵੀ ਸੂਚਨਾ ਤਕਨਾਲੋਜੀ ਨੂੰ ਨਾਵਲ ਵਿੱਚ ਬਿਆਨਿਆਂ ਹੈ।

ਇਸ ਨਾਵਲ ਵਿੱਚ ਹੋਰ ਮੁੱਖ ਵਿਸ਼ਾ, ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਤ੍ਰਾਸਦੀ ਤੇ ਸੰਤਾਪ ਨੂੰ ਉਸ ਨੇ ਛੋਟੀ ਨਾਨੀ ਤੋਂ ਲੈ ਕੇ ਗਿਆਨੋ, ਮੁਖਤਿਆਰ ਦੀ ਧੀ ਸੀਤੋ, ਦਲਬੀਰ ਕੌਰ ਤੇ ਕਿਰਨਬੀਰ ਤੱਕ ਵਿਭਿੰਨ ਪਰਤਾਂ ਵਿੱਚ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਨਾਵਲਕਾਰ ਪੰਜਾਬ ਵਿੱਚ ਅਫ਼ਸਰਸ਼ਾਹੀ ਰਾਜਸੀ, ਨੇਤਾਵਾਂ ਅਤੇ ਕਥਿੱਤ ਧਾਰਮਿਕ ਹਸਤੀਆਂ ਦੇ ਅਨੈਤਿਕ ਗੱਠਜੋੜ ਨੂੰ ਸੂਖਮ ਦ੍ਰਿਸ਼ਟੀ ਰਾਹੀ ਪੇਸ਼ ਕਰਦਾ ਹੈ। ਇਸ ਨਾਵਲ ਵਿੱਚ ਆਰਥਿਕ ਤਰੱਕੀ ਨਾਲ ਸਭਿਆਚਾਰ ਵਿੱਚ ਵੀ ਪਰਿਵਰਤਨ ਆਉਣੇ ਲਾਜ਼ਮੀ ਹਨ। ਜਿਸ ਤਹਿਤ ਮਰਦ-ਔਰਤ ਵਿਚਲੇ ਰਿਸ਼ਤੇ ਪ੍ਰਤੀ ਆਪਸੀ ਅਤੇ ਸਮਾਜਿਕ ਮਾਨਸਿਕ ਖੁੱਲ੍ਹ, ਨਵੀ ਪੀੜ੍ਹੀ ਦੀਆਂ ਔਰਤਾਂ ਵੱਲੋ ਖੁੱਲ੍ਹੇ ਤੌਰ ਤੇ ਸ਼ਰਾਬ ਅਤੇ ਤੰਮਾਕੂ ਦਾ ਸੇਵਨ, ਘਰ ਤੋਂ ਬਾਹਰ ਸਰੀਰਕ ਸੰਬੰਧ ਬਣਾਉਣੇ, ਸਾਂਝੇ ਪਰਿਵਾਰ ਤੋਂ ਵੱਖ ਹੋ ਕੇ ਸ਼ਹਿਰਾਂ ਵਿੱਚ ਜਾ ਵੱਸਣਾ ਆਦਿ ਕਈ ਸਮੱਸਿਆਵਾਂ ਪੇਸ਼ ਕੀਤੀਆਂ ਗਈਆਂ ਹਨ।

'ਗੁਲਾਬੀ ਨਗ਼ ਵਾਲੀ ਮੁੰਦਰੀ' ਨਾਵਲ ਦੀ ਕਥਾ ਵਿੱਚ ਪੰਜਾਬ ਦੇ ਪੇਂਡੂ ਕਿਸਾਨੀ ਭਾਈਚਾਰੇ ਦੇ ਜੀਵਨ ਵਿੱਚ ਤੇਜ਼ੀ ਨਾਲ ਵਾਪਰ ਰਹੇ ਸੱਭਿਆਚਾਰਕ ਪਰਿਵਰਤਨ ਨੂੰ ਬਿਆਨਿਆ ਹੈ। ਸਾਧੂ ਸਿੰਘ ਦਾ ਆਪਣੇ ਭਰਾ ਨਾਲ ਜ਼ਮੀਨ ਪਿੱਛੇ ਝਗੜੇ ਅਤੇ ਰਿਸ਼ਤਿਆਂ ਦਾ ਟੁੱਟਣਾ, ਆਪਣੇ ਸਕੂਲ ਦੀ ਦਲਿਤ ਚਪੜਾਸਣ ਨਾਲ ਅਨੈਤਿਕ ਕਾਮ ਸੰਬੰਧ, ਆਪਣੀ ਘਰਵਾਲੀ ਸੱਤੀ ਨਾਲ ਕਲੇਸ਼, ਆਪਣੇ ਪੁੱਤਰ ਲਾਡੀ

ਦਾ ਦਲਿਤ ਲੜਕੀ ਰਾਣੋ ਨਾਲ ਪ੍ਰੇਮ ਵਿਆਹ ਨਾ ਹੋਣ ਦੇਣਾ, ਬੇਟੀ ਦਾ ਆਪਣੀ ਸਹੇਲੀ ਪਿੰਕੀ ਦੇ ਭਰਾ ਨਾਲ ਵਿਆਹ ਕਰਵਾਉਣ ਲਈ ਮਾਪਿਆਂ ਦੀ ਸਲਾਹ ਬਿਨਾਂ ਹੀ ਫ਼ੈਸਲਾ ਕਰਨਾ, ਸੰਤਾਨ ਦਾ ਆਪਹੁਦਰੇ ਹੋਣਾ, ਮਾਨਸਿਕ ਸੰਤੁਲਨ ਵਿਗੜਣਾ, ਪ੍ਰਵਾਸ ਦੀ ਤਾਂਘ, ਸ਼ਰਾਬ-ਨਸ਼ਿਆ ਦੀ ਸਮੱਸਿਆ, ਆਤਮ-ਹੱਤਿਆ, ਪ੍ਰੇਮ ਸੰਬੰਧਾਂ ਅਤੇ ਵਿਆਹ ਦੀਆ ਦਿੱਕਤਾਂ ਤੋਂ ਪੰਡਤਾਂ-ਬਾਬਿਆਂ ਦੇ ਚੱਕਰਾਂ ਵਿੱਚ ਪੈਣਾ ਆਦਿ ਕਈ ਸਮੱਸਿਆਵਾਂ ਨੂੰ ਇਸ ਨਾਵਲ ਵਿੱਚ ਬਰੀਕੀ ਨਾਲ ਬਿਆਨਿਆ ਹੈ। ਪੰਜਾਬ ਵਿੱਚ ਹੋ ਰਹੇ ਬਦਲਾਅ ਕਰਕੇ ਪੰਜਾਬ ਵਿੱਚ ਵੱਧ ਰਹੇ ਡੇਰਾਵਾਦ ਅਤੇ ਕਾਮੁਕ ਸੰਬੰਧਾਂ ਦੀ ਬਦਲ ਰਹੀ ਵਿਆਕਰਣ ਵੱਲ ਸੰਕੇਤ ਹਨ। ਪੂੰਜੀਵਾਦੀ ਨੈਤਿਕਤਾ ਵਿੱਚ ਵਿਆਹ ਬਾਹਰੇ ਸੰਬੰਧਾਂ ਨੂੰ ਪਾਪ ਨਹੀਂ ਮੰਨਿਆ ਜਾਂਦਾ। ਨਵੀਂ ਪੀੜ੍ਹੀ ਦਾ ਮੰਨਣਾ ਹੈ ਕਿ ਪੈਸਾ ਆਦਮੀ ਔਰਤ ਦੇ ਨਾਜਾਇਜ਼ ਸੰਬੰਧਾਂ ਨੂੰ ਵੀ ਢੱਕ ਦਿੰਦਾ ਹੈ।

'ਰਿਜ਼ਕ' ਨਾਵਲ ਦੀ ਕਥਾ ਦਾ ਅੰਦਾਜ਼ਾ ਇਸ ਦੇ ਨਾਮ ਤੋਂ ਹੀ ਹੋ ਜਾਂਦਾ ਹੈ। ਇਸ ਨਾਵਲ ਵਿੱਚ ਇਕੋ ਵੇਲੇ ਦੋ ਵੱਖਰੇ-ਵੱਖਰੇ ਸੱਭਿਆਚਾਰਕ ਧਰਾਤਲਾਂ ਅਤੇ ਦੋ ਵੱਖਰੇ-ਵੱਖਰੇ ਭੂਗੋਲਿਕ ਹਿੱਤਿਆਂ ਵਿੱਚ ਵਸਦੇ ਵਿਚਰਦੇ ਪ੍ਰਵਾਸੀ ਪੰਜਾਬੀਆਂ ਦੇ ਜੀਵਨ ਦਾ ਯਥਾਰਥ ਚਿੱਤਰਿਆ ਹੈ। ਇਸ ਨਾਵਲ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਖੱਬੇ-ਪੱਖੀ ਅਤੇ ਨਕਸਲਵਾੜੀ ਲਹਿਰਾਂ ਦਾ ਪ੍ਰਭਾਵ, ਪੰਜਾਬ ਦੇ ਲੋਕਾਂ ਦੁਅਰਾ ਪ੍ਰਭਾਵ ਕਬੂਲਣਾ, ਪੰਜਾਬ ਸੰਕਟ, ਵਿਦੇਸ਼ ਲਈ ਏਜੰਟਾਂ ਦੇ ਵੱਸ ਪੈਣਾ, ਕਰਜ਼ੇ ਚੁੱਕ ਕੇ ਕਾਨੂੰਨੀ ਅਤੇ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ, ਅਮਰੀਕਾ ਵਿੱਚ ਰਿਸ਼ਤੇਦਾਰਾਂ ਅਤੇ ਅਮਰੀਕਨਾਂ ਦੇ ਸੋਸ਼ਣ ਦਾ ਸ਼ਿਕਾਰ ਹੋਣਾ, ਪਤਨੀ ਵਲੋਂ ਬਣਵਾਸ ਕੱਟਣਾ, ਬਾਹਰੋਂ ਆਏ ਪੈਸਿਆ ਨਾਲ ਔਲਾਦ ਦਾ ਵਿਗੜਣਾ,ਨਸ਼ਿਆ ਦੀ ਸਮੱਸਿਆ, ਪੂਰੇ ਪਰਿਵਾਰ ਦਾ ਪ੍ਰਵਾਸ ਕਰਨਾ, ਪੱਛਮੀ ਸੱਭਿਆਚਾਰ ਦਾ ਪ੍ਰਭਾਵ, ਪਤਨੀ ਵਲੋਂ ਆਪਣੀ ਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਵਾਣਾ, ਨਵੀਂ ਪੀੜ੍ਹੀ ਦਾ ਮਾਪਿਆਂ ਤੋਂ ਬਾਹਰ ਹੋਣਾ, ਮਾਪਿਆਂ ਲਈ ਅਮਰੀਕੀ ਸੱਭਿਆਚਾਰ ਨਿਰਾਸ਼ਾ ਤੇ ਇਕਲਤਾ, ਔਲਾਦ ਵਲੋਂ ਬੱਚੇ ਪੈਦਾ ਕਰਨ ਨੂੰ ਵਾਧੂ ਦਾ ਝੰਜਟ ਦਸਣਾ, ਮਾਪਿਆ ਦਾ ਪੋਤੇ-ਪੋਤੀ ਲਈ ਤਰਸਣਾ, ਨਵੀ ਪੀੜ੍ਹੀ ਦਾ ਲਿਵ-ਇਨ-ਰਿਲੇਸ਼ਨਸ਼ਿਪ ਵਿੱਚ ਰਹਿਣਾ ਪਸੰਦ ਕਰਨਾ ਆਦਿ ਸਮੱਸਿਆਵਾਂ ਬਦਲਦੇ ਹਾਲਾਤਾਂ ਅਤੇ ਗੈਰ-ਸੱਭਿਆਚਾਰ ਦੇ ਪ੍ਰਭਾਵ ਅਧੀਨ ਆਉਂਣ ਕਰਕੇ ਵੇਖਣ ਨੂੰ ਮਿਲ ਰਿਹਾ ਹੈ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅਵਤਾਰ ਸਿੰਘ ਬਿਲਿੰਗ ਦੇ ਨਾਵਲ ਬਦਲਦੇ ਪੰਜਾਬ ਦੇ ਹਰ ਸੂਖਮ ਪੱਖ ਨੂੰ ਬੜੀ ਸਹਿਜਤਾ ਨਾਲ ਬਿਆਨਦੇ ਹਨ।1997 ਵਿੱਚ 'ਨਰੰਜਣ ਮਸ਼ਾਲਚੀ'

ਤੋਂ ਸ਼ੁਰੂ ਹੋ ਕੇ, ਨਾਵਲੀ ਸਫਰ ਵਿੱਚ ਲਗਾਤਾਰ ਗਤੀਸ਼ੀਲ ਬਣਿਆ ਰਿਹਾ ਅਤੇ 2020 ਤੱਕ ਆਪਣੇ ਸਮੇਂ ਨੂੰ ਨਵੇਂ ਨਾਵਲ 'ਰਿਜ਼ਕ' ਨਾਲ ਪਿੰਡ ਤੋਂ ਸ਼ਹਿਰ ਅਤੇ ਦੇਸ ਤੋਂ ਪਰਦੇਸ ਤੱਕ ਦੀ ਹਿਜਰਤ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

'ਨਛੱਤਰ' ਪੰਜਾਬੀ ਗਲਪ ਖੇਤਰ ਵਿੱਚ ਇੱਕ ਪਛਾਣਯੋਗ ਨਾਂ ਹੈ। ਨਛੱਤਰ ਨੇ ਆਪਣੇ ਨਾਵਲਾਂ ਵਿੱਚ ਇੱਕਲੇ ਪੇਂਡੂ ਜੀਵਨ ਦਾ ਹੀ ਵਰਨਣ ਨਹੀਂ ਕੀਤਾ, ਸਗੋਂ ਉਸ ਨੇ ਮਹਾਂਨਗਰੀ ਜੀਵਨ ਨੂੰ ਵੀ ਪੇਸ਼ ਕੀਤਾ ਹੈ। ਉਸ ਨੇ ਆਪਣੇ ਨਾਵਲਾਂ ਵਿੱਚ ਮਹਾਂਨਗਰ ਵਿੱਚ ਜਾ ਕੇ ਵਸਣ ਵਾਲੇ ਲੋਕਾਂ ਦੇ ਜੀਵਨ ਨੂੰ ਵੀ ਪੇਸ਼ ਕੀਤਾ ਹੈ। ਉਸ ਨੇ ਦਲਿਤ, ਦਮਿਤ ਅਤੇ ਹਾਸ਼ੀਆਗਤ ਚੁੱਪ ਨੂੰ ਕੇਵਲ ਜ਼ਬਾਨ ਹੀ ਨਹੀਂ ਦਿੱਤੀ ਚੇਤਨਤਾ ਦਾ ਬੋਧ ਵੀ ਕਰਵਾਇਆ ਹੈ। ਆਪਣੇ ਨਾਵਲਾਂ ਵਿੱਚ ਉਸ ਨੇ ਦਰਪੇਸ਼ ਮਸਲਿਆਂ ਨੂੰ ਸਿਧਾਂਤਿਕ ਅਤੇ ਕਲਾਤਮਿਕ ਦ੍ਰਿਸ਼ਟੀ ਤੋਂ ਚਿਤਰਿਆ ਹੈ।

ਨਛੱਤਰ ਦੇ ਨਾਵਲਾਂ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਦੇ ਬਦਲਦੇ ਪੰਜਾਬ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਉਦਯੋਗੀਕਰਨ ਅਤੇ ਸ਼ਹਿਰਾਂ ਦਾ ਵਿਕਾਸ ਹੋਣ ਕਰਕੇ, ਪਿੰਡਾਂ ਵਿੱਚ ਪੁਸ਼ਤਾਂ ਤੋਂ ਜ਼ਿਮੀਦਾਰਾਂ ਦੇ ਸੀਰੀਪੁਣਾ ਕਰ ਰਹੇ ਦਲਿਤਾਂ ਅਤੇ ਨਿਮਨ ਵਰਗਾਂ ਦੀ ਨੌਜਵਾਨ ਪੀੜ੍ਹੀ ਨੇ ਸ਼ਹਿਰ ਵਿੱਚ ਜਾਂ ਆਪਣੇ ਪਿੰਡਾਂ ਵਿੱਚ ਹੀ ਨਵੇਂ ਕੰਮ-ਧੰਦੇ ਸ਼ੁਰੂ ਕਰ ਦਿੱਤੇ। ਜਿੱਥੇ ਉਹਨਾਂ ਨੂੰ ਵੱਧ ਦਿਹਾੜੀ ਅਤੇ ਰੋਜ਼ੀ-ਰੋਟੀ ਮਿਲਣ ਲਗੀ। ਜਿਵੇ 'ਨਿੱਕੇ ਨਿੱਕੇ ਅਸਮਾਨ' ਨਾਵਲ ਵਿੱਚ ਜਾਗਰ(ਮਜ਼ਬੀ ਸਿੱਖ), ਜੈਬਾ ਰਾਮਦਾਸੀਆਂ ਨੇ ਜੱਟਾਂ ਨਾਲ ਸੀਰੀ ਨਾ ਰੱਲ ਕੇ ਚਾਦਰਾਂ ਵੇਚਣ ਅਤੇ ਸ਼ਹਿਰ ਸਬਜ਼ੀਆਂ ਵੇਚਣ ਦਾ ਧੰਦਾ ਕੀਤਾ। ਉਥੇ ਹੀ 'ਜਲੌਰੇ' ਵਰਗੇ ਜੱਟ ਕਰਜ਼ੇ 'ਤੇ ਟਰੈਕਟਰ-ਟਰਾਲੀਆਂ, ਮਹਿੰਗੀਆਂ ਸਪਰੇਆਂ-ਖਾਦਾਂ ਖਰੀਦਦੇ ਹਨ ਅਤੇ ਡੀਜਲ ਲਈ ਜਾਗਰ ਤੋਂ ਪੈਸੇ ਉਧਾਰ ਲੈਂਦਾ ਹੈ। ਨਾਵਲ ਵਿੱਚ ਨਾਵਲਕਾਰ ਮੰਡੀ ਦੇ ਪ੍ਰਭਾਵ ਅਤੇ ਜ਼ਿੰਮੀਦਾਰਾਂ ਕੋਲ ਆਏ ਪੈਸੇ ਕਰਕੇ ਕੁੜੀਆਂ ਨੂੰ ਸ਼ਹਿਰ ਹੋਸਲਾਂ ਵਿੱਚ ਪੜਨ ਭੇਜਦੇ ਹਨ ਅਤੇ ਮੰਡੀ ਦੇ ਫੈਸ਼ਨ ਦੇ ਜਾਲ ਵਿੱਚ ਫਸੇ ਵਾਲ ਕਟਵਾ ਰਹੇ ਨੌਜਵਾਨਾਂ ਵਿੱਚ ਆ ਰਹੇ ਬਦਲਾਅ ਨੂੰ ਪੇਸ਼ ਕਰਦਾ ਹੈ। ਔਰਤ ਮਨ ਅਤੇ ਨੌਜਵਾਨ ਪੀੜ੍ਹੀ ਅੰਦਰਲੀ ਕਾਮ ਵਾਸਨਾ, ਇਸ਼ਕ, ਅੰਤਰ-ਜਾਤੀ ਅਤੇ ਵਿਆਹ ਬਾਹਰੇ ਸੰਬੰਧਾਂ ਨੂੰ ਨਛੱਤਰ ਨੇ ਆਪਣੇ ਨਾਵਲਾਂ ਵਿੱਚ ਵਿਖਾਇਆ ਹੈ। ਨਛੱਤਰ ਆਪਣੇ ਨਾਵਲਾਂ ਵਿੱਚ ਸਰਕਾਰਾਂ ਦੁਆਰਾ ਸਮੇਂ-ਸਮੇਂ 'ਤੇ ਬਣਾਏ ਜਾ ਰਹੇ ਕਾਨੂੰਨਾਂ, ਉਹ ਭਾਵੇਂ ਪੜਾਈ ਅਤੇ ਨੌਕਰੀ ਲਈ ਰਾਖਵਾਂਕਰਨ ਹੋਏ ਜਾਂ 73ਵੀਂ ਸੰਵਿਧਾਨਿਕ ਸੋਧ (1992-93) ਵਿੱਚ ਪੰਚਾਇਤੀ ਰਾਜ ਐਕਟ

ਦੇ ਰਾਹੀਂ ਪੰਚਾਇਤੀ ਚੋਣਾਂ ਵਿੱਚ ਦਲੀਤ ਵਰਗ ਅਤੇ ਔਰਤਾਂ ਲਈ ਰਾਖਵੀਆਂ ਸੀਟਾਂ ਦਾ ਕਾਨੂੰਨ ਹੋਵੇ, ਇਸ ਤਰ੍ਹਾਂ ਦੇ ਵੱਡੇ ਬਦਲਾਅ ਨੂੰ ਆਪਣੇ ਨਾਵਲਾਂ ਵਿੱਚ ਬੜੇ ਸੂਖਮ ਢੰਗ ਨਾਲ ਪੇਸ਼ ਕਰਦਾ ਹੈ।

'ਬੁੱਢੀ ਸਦੀ ਦਾ ਮਨੁੱਖ' ਨਾਵਲ ਵਿੱਚ ਨਾਵਲਕਾਰ ਸਮੇਂ ਦੇ ਬਦਲਣ ਨਾਲ ਬਦਲ ਰਹੀ ਪਿੰਡਾਂ ਵਿੱਚ ਹਾਸ਼ੀਅਗਤ ਧਿਰਾਂ ਦੀ ਸਥਿਤੀ ਅਤੇ ਪੇਂਡੂ ਰਾਜਨੀਤੀ ਵਿੱਚ ਆ ਰਹੇ ਬਦਲਾਅ ਨੂੰ ਪੇਸ਼ ਕੀਤਾ ਹੈ। ਕਰਤਾਰੇ, ਧੀਰੇ ਅਤੇ ਬੰਤੇ ਦੇ ਪਾਤਰ ਰਾਹੀਂ ਨਛੱਤਰ ਨਾਵਲ ਵਿੱਚ ਵੇਹੜੇ ਵਾਲਿਆਂ ਵਿੱਚ ਰਾਜਨੀਤੀਕ ਜਾਗਰੂਕਤਾ ਪੈਦਾ ਹੁੰਦੇ ਦਿਖਾਉਦਾ ਹੈ। ਇਸੇ ਤਰ੍ਹਾਂ 'ਬਾਕੀ ਦਾ ਸੱਚ' ਨਾਵਲ ਵਿੱਚ ਵੀ ਨਕਸਲਬਾੜੀ ਲਹਿਰ ਸਮੇਂ ਪੜ੍ਹੇ-ਲਿਖੇ ਨੌਜਵਾਨਾਂ ਦੇ ਖੱਬੇ-ਪੱਖੀ ਪ੍ਰਭਾਵ ਵਿੱਚ ਆਉਣ ਨਾਲ ਨੌਜਵਾਨ ਸਭਾਵਾਂ ਦੇ ਮੈਂਬਰ ਬਣਦੇ ਹਨ ਤੇ ਰਾਜਨੀਤਿਕ ਤੋਰ ਤੇ ਜਾਗਰੂਕ ਹੁੰਦੇ ਹਨ ਅਤੇ ਪਿੰਡ ਦੇ ਮੁੱਢਲੇ ਮਸਲਿਆਂ ਲਈ ਲੋਕਾਂ ਨੂੰ ਜਾਗਰੂਕ ਕਰਦੇ ਹਨ। ਨਾਵਲ ਵਿੱਚ ਨਕਸਲਬਾੜੀ ਲਹਿਰ ਸਮੇਂ ਨੌਜਵਾਨਾਂ ਵਲੋਂ ਕੀਤੀਆਂ ਸਰਗਰਮੀਆਂ ਅਤੇ ਆਪਣੇ ਹੱਕਾਂ ਲਈ ਲੜਦੇ ਵਿਖਾਇਆ ਹੈ। ਇਸ ਦੇ ਨਾਲ ਹੀ ਪੁਲਿਸ ਵਲੋਂ ਬੇਕਸੂਰਾਂ ਉਤੇ ਤਸ਼ਦੱਦ ਨੂੰ ਵੀ ਨਾਵਲ ਵਿੱਚ ਬਿਆਨਿਆ ਹੈ।

'ਸਲੋਅ ਡਾਊਨ' ਵਿੱਚ ਪੂੰਜੀਵਾਦ ਅਤੇ ਵਿਦਿਆ ਦੇ ਪਾਸਾਰ ਕਰਕੇ ਨਵੀਂ ਪੀੜ੍ਹੀ ਵੱਡੇ ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਮਹਾਂਨਗਰਾਂ ਵਿੱਚ ਪ੍ਰਾਈਵੇਟ ਜਾਂ ਸਰਕਾਰੀ ਨੌਕਰੀਆਂ ਕਰਦੀ ਹੈ। ਆਪਣੇ ਕੰਮ-ਧੰਦੇ ਦੌਰਾਨ ਆਰਥਿਕ ਸੁੱਖ ਭੋਗਦੇ ਹੋਏ ਵੀ ਮਹਾਂਨਗਰਾਂ ਵਿਚੋਂ ਪਿੰਡ ਨੂੰ ਭਾਲਦੇ ਹਨ। ਜਦ ਪਿੰਡ ਤੋਂ ਆਏ ਮਾਪੇ ਵੱਡੇ ਸ਼ਹਿਰਾਂ ਦੀ ਇੰਨੀ ਤੇਜ਼ ਜ਼ਿੰਦਗੀ ਦੇਖਦੇ ਹਨ ਤਾਂ ਉਹਨਾਂ ਤੋਂ ਇਕ ਪਲ ਵੀ ਉੱਥੇ ਰਹਿਣਾ ਔਖਾ ਲੱਗਦਾ ਹੈ। ਮਹਾਂਨਗਰਾਂ ਵਿੱਚ ਪ੍ਰਾਈਵੇਟ ਨੌਕਰੀਆਂ, ਓਵਰਟਾਈਮ, ਮਿਡਲ ਕਲਾਸ, ਔਰਤ-ਮਰਦ ਸੰਬੰਧ, ਵਿਆਹ ਬਾਹਰੇ ਸੰਬੰਧ ਆਦਿ ਨੂੰ ਨਾਵਲ ਵਿੱਚ ਵਿਖਾਇਆ ਗਿਆ ਹੈ। ਨਾਵਲ ਵਿੱਚ ਪਿੰਡਾਂ ਜਾਂ ਛੋਟੇ ਸ਼ਹਿਰਾਂ ਤੋਂ ਗਏ ਨੌਜਵਾਨਾਂ ਦਾ ਮਹਾਂਨਗਰਾਂ ਵਿੱਚ ਰਾਤੋ-ਰਾਤ ਪੈਸੇ ਕਮਾਉਣ ਦੇ ਲਾਲਚ ਨੇ ਉਹਨਾਂ ਨੂੰ ਮਾੜੀ ਸੰਗਤ ਦੀ ਦਲਦਲ ਵਿੱਚ ਫਸਦੇ ਵਿਖਾਇਆ ਹੈ। ਨਛੱਤਰ ਨੇ ਆਪਣੇ ਨਾਵਲਾਂ ਵਿੱਚ ਮੰਡੀ ਅਤੇ ਪੂੰਜੀਵਾਦ ਕਾਰਨ ਆਏ ਪਰਿਵਰਤਨ ਨਾਲ ਔਰਤਾਂ ਦੀ ਸਥਿਤੀ ਵਿੱਚ ਜੋ ਸਮਾਜਿਕ, ਆਰਥਿਕ ਅਤੇ ਮਾਨਸਿਕ ਤੌਰ 'ਤੇ ਬਦਲਾਅ ਆਏ, ਉਹਨਾਂ ਨੂੰ ਬੜੀ ਬਾਰੀਕੀ ਨਾਲ ਦਰਸਾਇਆ ਹੈ।

'ਹਨੇਰੀਆਂ ਗਲੀਆਂ' ਨਾਵਲ ਵਿੱਚ ਨਾਵਲਕਾਰ ਨੇ ਦਿੱਲੀ ਮਹਾਂਨਗਰ ਵਿੱਚ ਰੋਜ਼ਗਾਰ ਲਈ ਪਿੰਡਾਂ ਵਿਚੋਂ ਗਏ ਸਧਾਰਣ ਲੋਕਾਂ ਦੀ ਜ਼ਿੰਦਗੀ ਨੂੰ ਆਧਾਰ ਬਣਾਇਆ ਹੈ। ਇਸ ਨਾਵਲ ਰਾਹੀ ਦਿੱਲੀ ਦਾ ਜਟਿਲ ਜੀਵਨ, ਇੰਨੀ ਅਬਾਦੀ ਹੋਣ ਦੇ ਬਾਅਦ ਵੀ ਵਿਅਕਤੀ ਇੱਕਲਾ ਹੀ ਮਹਿਸੂਸ ਕਰਦਾ ਹੈ। ਮਹਾਂਨਗਰੀ ਜੀਵਨ ਦੀ ਅੱਤ ਤੇਜ਼ ਜ਼ਿੰਦਗੀ ਅਤੇ ਮੋਹ-ਮਾਇਆ ਦੇ ਜਾਲ ਵਿੱਚ ਫਸੇ ਰਵੀ ਵਰਗੇ ਕਈ ਨੌਜਵਾਨ ਜਿੰਨ੍ਹਾਂ ਨੂੰ ਆਪਣੇ ਮਾਪਿਆਂ ਕੋਲ ਵਾਪਿਸ ਪਿੰਡ ਨਹੀ ਜਾਇਆ ਗਿਆ ਜਾਂ ਪ੍ਰਕਾਸ਼ ਵਰਗੇ ਨੌਜਵਾਨ ਜਿੰਨ੍ਹਾਂ ਨੂੰ ਪਿਓ ਦੀ ਲਾਸ਼ ਨੂੰ ਮੋਢਾ ਦੇਣ ਲਈ ਦਿਹਾੜੀ 'ਤੇ ਬੰਦੇ ਬੁਲਾਉਣੇ ਪੈਦੇਂ ਹਨ। ਨਾਵਲ ਦੇ ਸਾਰੇ ਕਿਰਦਾਰਾਂ ਨੂੰ ਸਮੇਂ ਦੇ ਪਰਿਵਰਤਨ ਨਾਲ ਬਦਲਦੇ ਦਿਖਾਇਆ ਹੈ। ਪਰ ਉਹਨਾਂ ਵਿੱਚ ਇਕ ਚੀਜ਼ ਸਥਿਰ ਰਹਿੰਦੀ ਹੈ, ਉਹ ਹੈ ਉਹਨਾਂ ਦੇ ਮਨ ਅੰਦਰਲਾ ਪਿੰਡ। ਇਸ ਦੇ ਨਾਲ ਹੀ ਨਾਵਲਕਾਰ ਨੇ ਔਰਤ ਮਨ ਦੀਆਂ ਵੱਖ-ਵੱਖ ਪਰਤਾਂ ਨੂੰ ਸੂਖਮ ਢੰਗ ਨਾਲ ਫਰੋਲਿਆ ਹੈ।

'ਕੈਂਸਰ ਟਰੇਨ' ਨਾਵਲ ਵਿੱਚ ਨਛੱਤਰ ਨੇ ਅਮਨ ਦੇ ਪਾਤਰ ਰਾਹੀਂ ਮਾਲਵੇ ਦਾ ਉਹ ਇਲਾਕਾ ਜਿਸ ਨੂੰ ਕੈਂਸਰ ਬੈਲਟ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ, ਉਹਨਾਂ ਪਿੰਡਾਂ ਵਿੱਚ ਕੈਂਸਰ ਦੇ ਪੀੜਤਾਂ ਦੀ ਦਸ਼ਾ ਬਿਆਨ ਕੀਤੀ ਹੈ। ਨਾਵਲਕਾਰ ਅਨੁਸਾਰ ਮਾਲਵੇ ਦੇ ਬਠਿੰਡਾ, ਮਾਨਸਾ, ਬਰਨਾਲਾ ਆਦਿ ਕਈ ਇਲਾਕਿਆਂ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਨਰਮੇ, ਕਣਕ ਦੇ ਵੱਖ-ਵੱਖ ਬੀਜ਼ ਆਉਣ ਨਾਲ ਵੱਧ ਤੋਂ ਵੱਧ ਝਾੜ ਪੈਦਾ ਕਰਨ ਲਈ ਕਈ ਪ੍ਰਕਾਰ ਦੀਆਂ ਸਪਰੇਆਂ ਅਤੇ ਕੀਟਨਾਸ਼ਕ ਖਾਦਾਂ ਦੀ ਲੋੜੋਂ ਵੱਧ ਵਰਤੋਂ ਕਰਨ ਕਰਕੇ ਇਥੋਂ ਦੀ ਹਵਾ, ਪਾਣੀ, ਮਿੱਟੀ ਅਤੇ ਭੋਜਨ ਵੀ ਜ਼ਹਿਰੀਲਾ ਹੋ ਗਿਆ ਹੈ। ਜਿਸ ਕਰਕੇ ਕੈਂਸਰ ਦੀ ਬਿਮਾਰੀ ਹਰ ਪਿੰਡ ਦੇ ਹਰ ਘਰ ਵਿੱਚ ਪਹੁੰਚ ਗਈ। ਮਾਲਵੇ ਵਿੱਚ ਕੈਂਸਰ ਦੇ ਇਲਾਜ ਦਾ ਕੋਈ ਹਸਪਤਾਲ ਨਾ ਹੋਣ ਕਰਕੇ ਕੈਂਸਰ ਦੇ ਮਰੀਜ਼ਾਂ ਨੂੰ ਜਿਸ ਟਰੇਨ ਰਾਹੀ ਬੀਕਾਨੇਰ ਜਾਣਾ ਪੈਂਦਾ ਸੀ, ਉਸ ਟਰੇਨ ਦੇ ਨਾਮ 'ਤੇ ਹੀ ਨਾਵਲ ਦਾ ਨਾਮ ਪਿਆ। ਇਸ ਦੇ ਨਾਲ ਨਾਵਲ ਵਿੱਚ ਪੈਸੇ ਅਤੇ ਰਾਜਨੀਤਿਕ ਸ਼ਕਤੀ ਹਾਸਲ ਕਰਨ ਲਈ ਮਨੁੱਖ ਦਾ ਕਿਸੇ ਵੀ ਪੱਧਰ ਤੱਕ ਕਿਰਦਾਰ ਪੱਖੋ ਹੋਲਾ ਹੋ ਜਾਣਾ। ਇਹ ਨਾਵਲ ਆਮ ਮਨੁੱਖ ਅੰਦਰ ਵੀ ਮੌਜੂਦਾ ਰਾਜਨੀਤੀ ਬਾਰੇ ਵੀ ਚੇਤਨਾ ਪੈਦਾ ਕਰਦਾ ਹੈ।

ਨਾਵਲ 'ਕਵਣੁ ਦੇਸ ਹੈ ਮੇਰਾ' ਵਿੱਚ ਨਾਵਲਕਾਰ ਨੌਜਵਾਨ ਪੀੜ੍ਹੀ ਦੇ ਪਰਵਾਸ ਕਰਨ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਪਰਵਾਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਉਥੇ ਪੇਸ਼ ਆਉਂਦੀਆਂ ਸਮੱਸਿਆਵਾਂ

ਦਾ ਵੀ ਬਾਖੂਬੀ ਚਿਤਰਨ ਕਰਦਾ ਹੈ। ਇਸ ਨਾਵਲ ਵਿੱਚ ਨਾਇਕ ਪਾਤਰ ਦਲੇਰ ਸਿੰਘ ਰਾਹੀ ਪਰਵਾਸੀ ਮਸਲਿਆਂ ਜ਼ਿਕਰ ਕਰਦਿਆਂ ਪੰਜਾਬ ਦੇ ਅਜੋਕੇ ਹਾਲਾਤ ‘ਤੇ ਚਿੰਤਾ ਜ਼ਾਹਰ ਕਰਦਾ ਹੈ।

ਨਛੱਤਰ ਦੇ ਆਖਰੀ ਨਾਵਲ ‘ਮੁਹਾਜ਼’ ਵਿੱਚ ਨਾਵਲਕਾਰ ਨੇ ਪੰਜਾਬ ਵਿੱਚ 80ਵਿਆਂ ਤੋਂ ਬਾਅਦ ਆਏ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਪਰਿਵਰਤਨਾਂ ਨੂੰ ਬਹੁਤ ਬਰੀਕੀ ਨਾਲ ਬਿਆਨਿਆਂ ਹੈ। ਇਸ ਨਾਵਲ ਰਾਹੀਂ ਮਾਲਵਾ ਦੇ ਇਲਾਕੇ ਬਠਿੰਡਾ, ਮਾਨਸਾ ਵਿੱਚ ਜ਼ਮੀਨਾਂ ਘੱਟ ਅਤੇ ਰੇਤਲੀਆਂ ਹੋਣ ਕਾਰਨ ਨੌਜਵਾਨ ਫੌਜ ਵਿੱਚ ਵੱਧ ਭਰਤੀ ਹੋਏ ਅਤੇ ਆਰਥਿਕ ਪੱਖੋਂ ਸੁਖਾਲੇ ਹੋਏ। ਉਹਨਾਂ ਨੇ ਅਗਲੀਆਂ ਪੀੜ੍ਹੀਆਂ ਨੂੰ ਵੀ ਫੌਜ ਵਿੱਚ ਭਰਤੀ ਕਰਵਾਇਆ। ਇਸ ਨਾਵਲ ਵਿੱਚ ਨਾਵਲਕਾਰ ਨੇ 1984 ਵਿੱਚ ਆਪ੍ਰੇਸ਼ਨ ਬਲੂਅ ਸਟਾਰ ਦੌਰਾਨ ਦਰਬਾਰ ਸਾਹਿਬ ‘ਤੇ ਭਾਰਤੀ ਫੌਜ ਵਲੋਂ ਕੀਤੇ ਹਮਲੇ ਦਾ ਭਾਰਤੀ ਫੌਜ ਵਿੱਚ ਸਿੱਖ ਅਫਸਰਾਂ ਅਤੇ ਫੌਜੀਆਂ ਵਿੱਚ ਮਾਨਸਿਕ ਤਨਾਉ ਅਤੇ ਉਹਨਾਂ ਪ੍ਰਤੀ ਆਮ ਪਿੰਡ ਵਾਲਿਆਂ ਦੀ ਮਾਨਸਿਕਤਾ ਉਪਰ ਕੀ ਪ੍ਰਭਾਅ ਪਿਆ ਜਾਂ ਉਹਨਾਂ ਦੇ ਜੀਵਨ ਵਿੱਚ ਜੋ ਬਦਲਾਅ ਆਏ, ਉਹਨਾਂ ਨੂੰ ਬੜੀ ਸੂਖਮਤਾ ਨਾਲ ਬਿਆਨਿਆਂ ਹੈ।ਇਸ ਦੇ ਨਾਲ ਹੀ ਪੰਜਾਬ ਸੰਕਟ ਦੌਰਾਨ ਪਿੰਡਾਂ ਵਿੱਚ ਰਹਿ ਰਹੇ ਹਿੰਦੂ ਪਰਿਵਾਰਾਂ ਵਿੱਚ ਸਹਿਮ ਦਾ ਮਾਹੌਲ ਅਤੇ ਸੰਕਟ ਦੌਰਾਨ ਕਈ ਗੁੰਡਾ ਗਰੋਹਾਂ ਦਾ ਕਈ ਘਟਨਾਵਾਂ ਨੂੰ ਅੰਜਾਮ ਦੇ ਕੇ ਆਪਣੇ ਹੱਥ ਸਾਫ ਕਰਨੇ। ਇਸ ਨਾਵਲ ਵਿੱਚ ਰੈੱਡ ਲਾਈਟ ਏਰੀਆ ਵਿੱਚ ਵੇਸਵਾਵਾਂ ਦੇ ਜੀਵਨ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਵੀ ਵਿਖਾਇਆਂ ਹੈ।

‘ਜਸਬੀਰ ਮੰਡ’ ਦੀ ਜਨਮ ਭੂਮੀ ਪੁਆਧ ਹੋਣ ਕਰਕੇ ਉਸ ਦੇ ਨਾਵਲਾਂ ਵਿੱਚਲੇ ਪਾਤਰਾਂ ਵਿਚਕਾਰ ਵਾਰਤਲਾਪ ਪੁਆਧੀ ਬੋਲੀ ਵਿੱਚ ਹੈ। ਜਸਬੀਰ ਮੰਡ ਦੇ ਨਾਵਲ ਕਿਸਾਨੀ ਨਾਲ ਸੰਬੰਧਿਤ ਹੋਣ ਕਰਕੇ ਹਰੀ ਕ੍ਰਾਂਤੀ ਨਾਲ ਅਤੇ ਖਾਸ ਕਰਕੇ ਪੁਆਧ ਦੇ ਇਲਾਕੇ ਵਿੱਚ ਚੰਡੀਗੜ੍ਹ ਦੇ ਵਿਕਾਸ ਹੋਣ ਕਰਕੇ ਖੇਤੀ ਦੇ ਢੰਗਾਂ, ਕਿਸਾਨੀ ਜੀਵਨ ਅਤੇ ਸ਼ਹਿਰੀ ਪੇਂਡੂ ਜੀਵਨ ਵਿੱਚ ਜੋ ਤਬਦੀਲੀ ਆਈ ਹੈ, ਉਸਨੂੰ ਬੜੀ ਸੂਖਮਤਾ ਨਾਲ ਆਪਣੇ ਨਾਵਲਾਂ ਵਿੱਚ ਪੇਸ਼ ਕੀਤਾ ਹੈ। ਜਸਬੀਰ ਮੰਡ ਦੇ ਸਾਰੇ ਨਾਵਲ ਕਿਸਾਨੀ ਅਤੇ ਕੁਦਰਤ ਦੇ ਆਲੇ-ਦੁਆਲੇ ਘੁੰਮਦੇ ਹਨ। ਜਿਨ੍ਹਾਂ ਵਿੱਚ ਕਿਸਾਨੀ ਜੀਵਨ ਦੀਆਂ ਮੂਲ ਸਮੱਸਿਆਵਾਂ ਤੋਂ ਲੈ ਕੇ ਖੇਤੀਕਰਨ ਦੇ ਬਦਲਦੇ ਸੰਦਾਂ ਨਾਲ ਬਦਲਦੇ ਖੇਤੀ ਦੇ ਢੰਗ ਅਤੇ ਬਦਲਦੀ ਲੋਕਾਂ ਦੀ ਮਾਨਸਿਕਤਾ ਨੂੰ ਵੀ ਬਾਖੂਬੀ ਪੇਸ਼ ਕੀਤਾ ਹੈ। ਜਸਬੀਰ ਮੰਡ ਦੇ ਨਾਵਲਾਂ ਵਿੱਚ ਬਦਲਦੀ ਕਿਸਾਨੀ

ਦੇ ਨਾਲ-ਨਾਲ ਸਮਾਜਿਕ ਰਿਸ਼ਤਿਆਂ ਵਿੱਚ ਆਏ ਬਦਲਾਅ ਚਾਹੇ ਉਹ ਸੰਯੁਕਤ ਪਰਿਵਾਰ ਦਾ ਸਮਾਜਿਕ,ਆਰਥਿਕ ਕਾਰਨਾਂ ਕਰਕੇ ਟੁੱਟਣਾ ਅਤੇ ਲੱਘੂ ਪਰਿਵਾਰਾਂ ਵਿੱਚ ਤਬਦੀਲ ਹੋਣਾ ਜਾਂ ਆਰਥਿਕ ਮਸਲਿਆਂ ਕਰਕੇ ਪਰਵਾਸ ਕਰਨਾ ਅਤੇ ਪੰਜਾਬ ਸੰਕਟ ਦੌਰਾਨ ਬੰਦੇ ਦੀ ਮਾਨਸਿਕਤਾ ਆਦਿ ਗੰਭੀਰ ਮਸੱਲਿਆਂ ਨੂੰ ਬਹੁਤ ਸਪਸ਼ੱਟ ਤੇ ਸਹਿਜਤਾ ਨਾਲ ਬਿਆਨ ਕੀਤਾ ਹੈ।

ਹਰੀ ਕ੍ਰਾਂਤੀ ਤੋਂ ਬਾਅਦ ਪੀੜ੍ਹੀ ਦਰ ਪੀੜ੍ਹੀ ਹੁੰਦੀ ਤਬਦੀਲੀ ਨੂੰ ਬੜੇ ਸੂਖਮ ਰੂਪ ਵਿੱਚ ਪੇਸ਼ ਕੀਤਾ ਹੈ। 'ਆਖਰੀ ਬਾਬੇ' ਨਾਵਲ ਵਿੱਚ ਇਸ ਪੀੜ੍ਹੀ ਦਰ ਪੀੜ੍ਹੀ ਹੁੰਦੀ ਤਬਦੀਲੀ ਨੂੰ ਬਾਬੇ ਬਿਰਸੇ ਦੇ ਪਾਤਰ ਰਾਹੀ ਬਾਬੇ ਦੇ ਪੁੱਤ ਅਤੇ ਪੁੱਤ ਤੋਂ ਪੋਤਰੇ ਰਾਹੀ ਇਹ ਤਬਦੀਲੀ ਸਾਫ ਦੇਖਣ ਨੂੰ ਮਿਲਦੀ ਹੈ। ਉਹਨਾਂ ਦੇ ਖੇਤੀ ਕਰਨ ਦੇ ਪਰੰਪਰਾਗਤ ਤਰੀਕਿਆਂ ਤੋਂ ਖੇਤੀ ਦਾ ਮਸ਼ੀਨੀਕਰਨ ਹੋਣ ਕਾਰਨ ਆਰਥਿਕਤਾ ਅਤੇ ਮਾਨਸਿਕਤਾ ਦੇ ਬਦਲਾਅ ਦੀ ਸੂਖਮਤਾ ਨਾਲ ਪੇਸ਼ਕਾਰੀ ਕੀਤੀ ਹੈ। ਆਰਥਿਕ ਬਦਲਾਅ ਦੇ ਨਾਲ ਨਾਲ ਮੰਡ ਨੇ ਮਨੁੱਖ ਦੇ ਬਦਲਦੇ ਸੁਭਾਅ ਨੂੰ ਵੀ ਬੜਾ ਬਰੀਕੀ ਨਾਲ ਵਿਖਾਇਆ ਹੈ।

'ਔੜ ਦੇ ਬੀਜ' ਜਸਬੀਰ ਮੰਡ ਦੇ ਨਾਵਲਾਂ ਵਿੱਚ ਖੇਤੀ ਦਾ ਮਸ਼ੀਨੀਕਰਨ ਹੋਣ ਕਰਕੇ ਖੇਤੀ ਦੇ ਨਵੇਂ ਸੰਦਾਂ ਦੇ ਆਉਣ ਨਾਲ ਮੱਧ ਵਰਗੀ ਕਿਸਾਨਾਂ ਦੁਆਰਾ ਕਰਜ਼ੇ ਉਤੇ ਟਰੈਕਟਰ-ਟਰਾਲੀਆਂ ਅਤੇ ਖੇਤੀ ਦੇ ਨਵੇਂ ਨਵੇਂ ਸੰਦ ਖਰੀਦ ਕੇ ਖੇਤੀ ਕਰਨੀ ਅਤੇ ਖਰਚਿਆਂ ਦੇ ਵੱਧਣ ਕਰਕੇ ਮਾਨਸਿਕ ਅਤੇ ਪਰਿਵਾਰਿਕ ਤਨਾਉ ਦਾ ਵੱਧਣਾ। ਸਿੱਟੇ ਵੱਜੋਂ ਪਿਉ-ਪੁੱਤ ਵਿੱਚ ਝਗੜੇ ਵੱਧਣੇ, ਭਰਾ-ਭਰਾ ਦਾ ਵੈਰ, ਜੱਟਾਂ-ਕੀਰਤੀਆਂ ਵਿੱਚਲੀ ਸਾਂਝ ਦਾ ਖਤਮ ਹੋਣਾ, ਮਾਨਸਿਕ ਤਨਾਉ ਆਦਿ ਕਈ ਸਮੱਸਿਆਵਾਂ ਦਾ ਸਾਹਮਣੇ ਆਉਣਾ। ਇਸੇ ਦੇ ਨਾਲ ਹੀ ਉਸ ਸਮੇਂ ਚਲੀਆਂ ਲਹਿਰਾਂ ਵਿੱਚ ਪੰਜਾਬ ਦੇ ਲੋਕਾਂ ਦਾ ਹਿੱਸਾ ਲੈਣਾ ਅਤੇ ਇਹਨਾਂ ਲਹਿਰਾਂ ਦਾ ਆਮ-ਖਾਸ ਵਰਗ ਤੇ ਜੋ-ਜੋ ਪ੍ਰਭਾਵ ਪਿਆ ਅਤੇ ਪੰਜਾਬ ਸੰਕਟ ਨਾਲ ਪੰਜਾਬੀਆਂ ਦੇ ਵਿਵਹਾਰ ਵਿੱਚ ਜੋ ਬਦਲਾਅ ਆਏ, ਜਸਬੀਰ ਮੰਡ ਨੇ ਇਹਨਾਂ ਬਦਲਾਵਾਂ ਨੂੰ ਬੜੀ ਨੀਝ ਨਾਲ ਨਾਵਲ ਵਿੱਚ ਬਿਆਨਿਆ ਹੈ। ਇਹ ਨਾਵਲ ਹਰੀ ਕ੍ਰਾਂਤੀ ਤੋਂ ਬਾਅਦ ਦੇ ਉਸ ਹਰ ਮੱਧ-ਵਰਗੀ ਪਰਿਵਾਰ ਦੀ ਤਸਵੀਰ ਹੈ ਜੋ ਮਸ਼ੀਨੀਕਰਨ ਦੇ ਦੌਰ ਦੌਰਾਨ ਅਮੀਰ ਦਿਖਣ ਅਤੇ ਜੀਵਨ ਨੂੰ ਸੁਖਾਲਾ ਕਰਨ ਦੇ ਜਾਲ ਵਿੱਚ ਇਸ ਤਰ੍ਹਾ ਫਸੇ ਕਿ ਮੁੜ ਉਸ ਦਲਦਲ ਤੋਂ ਬਾਹਰ ਹੀ ਨਾ ਨਿਕਲਿਆ ਗਿਆ। ਜਸਬੀਰ ਮੰਡ ਨੇ ਮਾਨਵੀ ਸਰੋਕਾਰਾਂ, ਮਾਨਸਿਕ ਉਲਝਣਾਂ, ਅੰਤਰ ਵਿਰੋਧਾਂ, ਨੈਤਿਕ ਕਦਰਾਂ ਕੀਮਤਾਂ ਵਿੱਚ ਆ ਰਹੀ ਗਿਰਾਵਟ ਨੂੰ ਆਪਣੇ ਨਾਵਲ ਵਿੱਚ ਪੇਸ਼ ਕੀਤਾ ਹੈ।

ਇਸੇ ਤਰ੍ਹਾ ਇਸ ਨਾਵਲ ਨੂੰ ਅੱਗੇ ਵਧਾਉਦਾ ਨਾਵਲ 'ਆਖਰੀ ਪਿੰਡ ਦੀ ਕਥਾ' ਜਿਸ ਵਿੱਚ ਤੱਰਕੀ ਦੇ ਨਾਮ ਤੇ ਪਿੰਡ ਦੀ ਜ਼ਮੀਨ 'ਤੇ ਥਰਮਲ ਪਾਲਟ ਬਣਾ ਦਿੱਤਾ ਜਾਂਦਾ ਹੈ।ਬਹੁਤੇ ਪਿੰਡ ਵਾਲੇ ਜ਼ਮੀਨਾਂ ਵੇਚ ਸ਼ਹਿਰਾਂ ਜਾਂ ਹੋਰ ਪਿੰਡਾਂ ਵਿੱਚ ਜਾ ਵੱਸਦੇ ਹਨ। ਥਰਮਲ ਪਲਾਟ ਉਸਰਨ 'ਤੇ ਕਈ ਰਾਜਾਂ ਤੋਂ ਪ੍ਰਵਾਸੀ ਇਸੇ ਪਿੰਡਾਂ ਵਿੱਚ ਆ ਵੱਸਦੇ ਹਨ। ਜਿਸ ਕਾਰਨ ਜੱਦੀ ਪਿੰਡ ਵਾਲਿਆਂ ਨੂੰ ਆਪਣਾ ਪਿੰਡ ਹੀ ਓਪਰਾ ਲੱਗਣ ਲੱਗ ਜਾਂਦਾ ਹੈ। ਘਰਾਂ, ਵਾੜਿਆਂ ਦੇ ਮੂੰਹ ਸਿਰ ਵਿਗੜ ਜਾਂਦੇ ਹਨ। ਲਹਿਰਾਉਦੀਆਂ ਫਸਲਾਂ ਵਾਲਾ ਪਿੰਡ ਥਰਮਲਾਂ ਦੇ ਧੂੰਏ ਦਾ ਗਦਾਮ ਬਣ ਕੇ ਰਹਿ ਜਾਦਾ ਹੈ।

'ਖਾਜ' ਨਾਵਲ ਬਹੁਤ ਸਹਿਜਤਾ ਅਤੇ ਡੂੰਘਾਈ ਨਾਲ ਸ਼ੁਰੂ ਹੁੰਦਾ ਹੈ ਅਤੇ ਅੰਤ ਵਿੱਚ ਕਈ ਪੱਖ, ਮਸਲੇ ਖੋਲ੍ਹ ਜਾਂਦਾ ਹੈ। ਇਸ ਵਿੱਚ ਕਈ ਕਹਾਣੀਆਂ ਇੱਕ ਦੂਜੇ ਦੇ ਬਰਾਬਰ ਚਲਦੀਆਂ ਹਨ। ਇੱਕ ਕਹਾਣੀ ਸਾਦੀਆ ਅਤੇ ਉਸ ਦਾ ਅੱਬਾ ਦੀ ਜੋ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਆਉਦੇ ਹਨ। ਇੱਕ ਕਹਾਣੀ ਅਵਤਾਰ ਦੀ ਅਤੇ ਕਈ ਕਹਾਣੀਆਂ ਅਵਤਾਰ ਦੀ ਗਲੀ ਦੀਆਂ ਹਨ ਅਤੇ ਇੱਕ ਕਹਾਣੀ ਸਾਦੀਆ ਦੇ ਮਨ ਵਿੱਚ ਅਵਤਾਰ ਪ੍ਰਤੀ ਹੈ। ਇਹਨਾਂ ਅਲੱਗ-ਅਲੱਗ ਕਹਾਣੀਆਂ ਦੀ ਇੱਕ ਸਾਂਝ ਇਹ ਹੈ ਕੀ ਇਹਨਾਂ ਦਾ ਦੁੱਖ ਵੱਖ-ਵੱਖ ਹੁੰਦੇ ਹੋਏ ਵੀ ਇੱਕੋ ਵਰਗਾ ਹੈ। ਸਾਦੀਆ ਦੇ ਪਿਉ ਅਤੇ ਭਰਾਵਾਂ ਦਾ ਆਜ਼ਾਦ ਕਸ਼ਮੀਰ ਲਈ ਅਪਣੀ ਜਾਨ ਦੇਣਾ ਅਤੇ ਭਾਰਤ ਦੇ ਕਸ਼ਮੀਰ ਵਿੱਚ ਆਪਣੇ ਛੋਟੇ ਭਰਾ ਨੂੰ ਲੱਭਣ ਚੜ੍ਹਦੇ ਪੰਜਾਬ ਆਉਣਾ। ਉਸੇ ਤਰ੍ਹਾ ਅਵਤਾਰ ਦੇ ਪਿਤਾ ਦੀ ਪੂਰੇ ਇਲਾਕੇ ਵਿੱਚ ਦੈਹਿਸ਼ਤ ਅਤੇ ਕਈ ਕਤਲਾਂ ਵਿੱਚ ਪੁਲਿਸ ਨੂੰ ਲੋੜੀਂਦਾ ਹੋਣਾ। 90ਵਿਆ ਦੇ ਇਸ ਦੌਰ ਵਿੱਚ ਅਵਤਾਰ ਦੇ ਪਿਉ ਅਤੇ ਉਸ ਦੀ ਗਲੀ ਦੇ ਕਈ ਬੰਦਿਆਂ ਦਾ ਪੁਲਿਸ ਦੁਆਰਾ ਮੁਕਾਬਲਾ ਬਣਾ ਕੇ ਕਤਲ ਕਰ ਦੇਣਾ। ਇਸ ਨਾਵਲ ਵਿੱਚ ਇੱਕ ਹੋਰ ਅਹਿਮ ਪੱਖ ਨੂੰ ਬੜੀ ਗੰਭੀਰਤਾ ਨਾਲ ਛੋਹਿਆ ਹੈ, ਜਿੱਥੇ ਸਿੱਖ ਇਤਿਹਾਸਕਾਰੀ ਅਤੇ ਚਿੱਤਰਕਾਰੀ ਵਿੱਚ ਮੁਸਲਮਾਨਾਂ ਦੇ ਬੜੇ ਭਿਆਨਕ ਅਤੇ ਡਰਾਉਣੇ ਚਿਹਰੇ ਦਿਖਾਏ ਹਨ। ਮੁਗਲ ਫ਼ੋਜਾਂ ਦੇ ਭਿਆਨਕ ਰੂਪ, ਜੱਲਾਦ 'ਸ਼ਾਮਲ ਵਾਮਲ' ਜਾਂ ਹੋਰ ਮੁਗਲਾਂ ਦੀਆਂ ਤਸਵੀਰਾਂ ਕਰੂਰ ਰੂਪ ਵਿੱਚ ਤਸਵੀਰਾਂ ਵੇਖਣ ਨੂੰ ਮਿਲਦੀਆਂ ਹਨ, ਉੱਥੇ ਬੀਬੀ ਮੁਮਤਾਜ, ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖਾਂ, ਗਨੀ ਖਾਂ ਮਨੀ ਖਾਂ ਦੇ ਮੋਢਿਆਂ ਤੇ ਬੈਠੇ ਗੁਰੂ ਸਾਹਿਬ, ਸਾਂਈ ਮਿਆਂ ਮੀਰ ਜੀ ਜਾਂ ਭਾਈ ਮਰਦਾਨਾ ਜੀ ਦੀ ਤਸਵੀਰ ਜਾਂ ਉਹਨਾਂ ਦਾ ਇਤਿਹਾਸ ਐਨੀ ਸ਼ਰਧਾ ਨਾਲ ਨਹੀਂ ਮਿਲਦਾ।

'ਚੁਰਾਸੀ ਲੱਖ ਯਾਦਾਂ' ਜਸਬੀਰ ਮੰਡ ਦਾ ਬਹੁ-ਚਰਚਿਤ ਨਾਵਲ ਹੈ। ਇਸ ਨਾਵਲ ਵਿੱਚ ਸ਼ਬਦਾਂ ਦੀ ਸੂਖਮਤਾ ਸਹਿਜੇ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਘਟਨਾਵਾਂ ਤੇ ਬਿਰਤਾਂਤ ਨੂੰ ਉਹ ਜਿਸ

ਬਾਰੀਕੀ ਤੇ ਸੂਖਮ ਤੋਂ ਸੂਖਮ ਪਲ ਨੂੰ ਵੀ ਫੜ ਕੇ ਕਿਵੇਂ ਵਾਕ ਬਣਤਰ ਵਿੱਚ ਫਿੱਟ ਕਰ ਲੈਂਦਾ ਹੈ ਇਹ ਉਸਦੀ ਸਿਰਜਣਾ ਦਾ ਸਿਖਰ ਹੈ। 1984 ਦਾ ਦੌਰ ਪੰਜਾਬ ਦੇ ਪਿੰਡੇ ਨੂੰ ਕਦੇ ਨਹੀਂ ਭੁੱਲ ਸਕਦਾ। ਜਿਸ ਦੇ ਹਜ਼ਾਰਾਂ ਪੱਖ ਹਾਲੇ ਵੀ ਅਣ-ਛੋਹੇ ਪਏ ਹਨ। ਜਸਬੀਰ ਮੰਡ ਨੇ ਐਨੇ ਵੱਡੇ ਵਰਤਾਰੇ ਨੂੰ ਐਨੀ ਕੋਮਲ ਅਤੇ ਮਨੋਵਿਗਿਆਨਕ ਭਾਸ਼ਾ ਵਿੱਚ ਸਿਰਜਿਆ ਹੈ। ਇਸ ਨਾਵਲ ਵਿੱਚ ਅਮਰਪਾਲ, ਫਿਰਕੀ, ਬਾਬਾ ਦੀਪ, ਮਨਜੀਤ ਵਰਗੇ ਅਜਿਹੇ ਕਈ ਪਾਤਰਾਂ ਰਾਹੀਂ 84 ਤੋਂ ਬਾਅਦ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਿਕ ਸਥਿਤੀ ਅਤੇ ਆਮ ਨੌਜਵਾਨੀ ਦੀ ਮਾਨਸਿਕ ਸਥਿਤੀ ਨੂੰ ਬੜੀ ਸੂਖਮਤਾ ਨਾਲ ਬਿਆਨ ਕੀਤਾ ਹੈ, ਜੋ ਉਹਨਾਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ 84 ਵੇਲੇ ਚਲੀ ਹਨੇਰੀ ਦਾ ਸ਼ਿਕਾਰ ਹੋਏ। ਇਸ ਨਾਵਲ ਦੀ ਔਰਤ ਪਾਤਰ ਮਨਜੋਤ ਬਹੁਤ ਸਾਰੀਆਂ ਥਾਵਾਂ ਉਪਰ ਅਮਰਪਾਲ ਵਰਗੇ ਪਾਤਰਾਂ ਨੂੰ ਵੀ ਮਾਤ ਪਾਉਂਦੀ ਨਜ਼ਰ ਆਉਂਦੀ ਹੈ। ਬਾਬਾ ਦੀਪ ਦਾ ਸਭ ਕੁਝ ਗੁਰੂ ਤੇ ਛੱਡਣ ਦੀ ਪ੍ਰਵਿਰਤੀ ਤੇ ਸਮਝ ਸੂਝ ਨਾਲ ਚਲਣ ਦਾ ਮਸਵਰਾ ਸਾਰੇ ਨਾਵਲ ਦੇ ਆਰ-ਪਾਰ ਫੈਲਿਆ ਹੋਇਆ ਹੈ। ਉਹ ਬਹੁਤ ਵੱਡੀਆਂ ਘਟਨਾਵਾਂ ਨੂੰ ਬੜੀ ਸਹਿਜਤਾ ਨਾਲ ਆਮ ਜ਼ਿੰਦਗੀ ਨਾਲ ਜੋੜ ਕੇ ਸਮਝਾ ਜਾਂਦਾ ਹੈ।

'ਘਾੜ' ਦੇ ਇਲਾਕੇ ਦਾ ਜੋ ਦ੍ਰਿਸ਼ ਮੰਡ ਨੇ ਪੇਸ਼ ਕੀਤਾ ਹੈ, ਸੂਖਮ ਦ੍ਰਿਸ਼ਟੀ ਦਾ ਹੀ ਨਤੀਜਾ ਹੈ। ਧਰਤੀ ਦੀ ਉਚਾਣਾ, ਨਿਵਾਣਾ ਜਾਂ ਖਾਈਆਂ-ਘਾਟੀਆਂ ਵਿੱਚ ਘਿਰੀ ਹੋਈ ਮਨੁੱਖੀ ਜ਼ਿੰਦਗੀ ਵੀ ਅਜਿਹੇ ਵਰਤਾਰਿਆ ਵਿੱਚ ਹੀ ਗੁਜ਼ਰਦੀ ਹੈ। ਉਸ ਇਲਾਕੇ ਦੇ ਲੋਕਾਂ ਦੀ ਬੋਲੀ, ਉਹਨਾਂ ਦੇ ਸੰਵਾਦ ਕਰਨ ਦੇ ਤਰੀਕੇ, ਉਹਨਾਂ ਥਾਵਾਂ ਦਾ ਵਿਸ਼ਲੇਸ਼ਣ, 80ਵਿਆ ਦੇ ਦੌਰ ਵਿੱਚ ਬਲਦਾਂ ਦੇ ਦੌਰ ਦੀ ਖੇਤੀਬਾੜੀ ਦਾ ਖਤਮ ਹੋਣਾ, ਹਲਟਾ ਦਾ ਉਜਾੜ ਬਣ ਤੇ ਪੰਜਾਬ ਦੇ ਘਰਾਂ ਵਿੱਚ ਟਰੈਕਟਰਾ ਦੇ ਸੈਲੰਸਰਾਂ ਦਾ ਧੂੰਆ ਉਡਣਾ, ਇਸ ਬਦਲਾਅ ਦੇ ਦੌਰ ਨੂੰ ਬਹੁਤ ਹੀ ਕਮਾਲ ਦੇ ਤਰੀਕੇ ਨਾਲ ਇਸ ਵਿੱਚ ਪੇਸ਼ ਕੀਤਾ ਗਿਆ ਹੈ।

ਖੋਜ-ਵਿਧੀ:

ਕਿਸੇ ਵੀ ਸਾਹਿਤਕ ਰਚਨਾ ਜਾਂ ਸਿਰਜਿਤ ਪਾਠ ਦਾ ਅਧਿਐਨ ਕਈ ਦ੍ਰਿਸ਼ਟੀਆਂ ਤੋਂ ਕੀਤਾ ਜਾ ਸਕਦਾ ਹੈ। ਸਾਹਿਤਕ-ਪਾਠ ਜਾਂ ਰਚਨਾਵਾਂ ਕਿਸੇ ਸਮਾਜ ਜਾਂ ਸਭਿਆਚਾਰਕ ਪਿੱਠ-ਭੂਮੀ ਵਿੱਚ ਵਿਚਰਦੇ ਵਿਅਕਤੀ ਦੀ ਸਿਰਜਣਾ ਵੀ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਕਿਸੇ ਸਮਾਜ ਜਾਂ ਭਾਈਚਾਰੇ ਦਾ ਜਾਤੀ ਜਾਂ ਸਮੂਹਿਕ ਅਵਚੇਤਨ ਵੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਰੂਪਮਾਨ ਹੁੰਦਾ ਹੈ। ਸਾਹਿਤਕ ਰਚਨਾ ਜਾਂ

ਸਾਹਿਤਕ ਪਾਠ ਇਕਹਰੇ ਜਾਂ ਇਕ-ਪਰਤੀ ਨਹੀਂ ਹੁੰਦੇ, ਇਸ ਲਈ ਉਨ੍ਹਾਂ ਦੇ ਅਧਿਐਨ ਸਮੇਂ ਗਿਆਨ ਦੇ ਵੱਖ-ਵੱਖ ਅਨੁਸ਼ਾਸਨਾਂ ਤੋਂ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਮੈਂ ਆਪਣੇ ਖੋਜ-ਕਾਰਜ ਵਿੱਚ ਕੋਈ ਇਕਹਰੀ ਦ੍ਰਿਸ਼ਟੀ ਅਪਣਾਉਣ ਦੀ ਥਾਂ ਅੰਤਰ-ਅਨੁਸ਼ਾਸਨੀ ਪਹੁੰਚ ਵਿਧੀ ਅਪਣਾਉਂਣ ਦੀ ਕੋਸ਼ਿਸ ਕਰਾਂਗਾ।

ਹਵਾਲੇ

1. ਸਵਿੰਦਰ ਸਿੰਘ ਉੱਪਲ (ਡਾ.) "ਨਾਵਲ: ਸਮਾਲੋਚਕਾਂ ਦੀਆਂ ਨਜ਼ਰਾਂ ਵਿੱਚ" ਸਮਕਾਲੀ ਪੰਜਾਬੀ ਨਾਵਲ: ਪੁਨਰ ਮੁਲਾਂਕਣ
2. Centre for the study of social change, "GREEN REVOLUTION- THE UNFINISHED TASK"
3. ਡਾ. ਹਰਮਿੰਦਰ ਸਿੰਘ, ਪੇਂਡੂ ਕਿਸਾਨੀ ਦਾ ਸੰਤਾਪ, ਅਵਤਾਰ ਸਿੰਘ ਬਿਲਿੰਗ ਦੇ ਨਾਵਲ (ਬਹੁਪਰਤੀ ਵਿਸ਼ਲੇਸ਼ਣ)
4. ਡਾ. ਰਘੁਬੀਰ ਸਿੰਘ, ਪੰਜਾਬੀ ਨਾਵਲ ਦੀ ਮੁੱਲਵਾਨ ਪ੍ਰਾਪਤੀ, ਅਵਤਾਰ ਸਿੰਘ ਬਿਲਿੰਗ ਦੇ ਨਾਵਲ (ਬਹੁਪਰਤੀ ਵਿਸ਼ਲੇਸ਼ਣ)

ਪ੍ਰਸਤਾਵਿਤ ਵਿਸ਼ੇ ਨਾਲ ਸੰਬੰਧਿਤ ਪਹਿਲਾਂ ਹੋਇਆ ਖੋਜ ਕਾਰਜ

ਪੀਐੱਚ.ਡੀ. ਖੋਜ ਪ੍ਰਬੰਧ-

ਮੇਰੇ ਖੋਜ ਵਿਸ਼ੇ ਨਾਲ ਸੰਬੰਧਿਤ ਜੋ ਖੋਜ-ਪ੍ਰਬੰਧ ਹੈ ਉਸ ਦਾ ਜੋ ਵੇਰਵਾ ਪ੍ਰਾਪਤ ਹੁੰਦਾ ਹੈ, ਉਹ ਨਿਮਨ ਲਿਖਿਤ ਅਨੁਸਾਰ ਹੈ:

1. ਸਤਵੀਰ ਕੌਰ, ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਦਾ ਸੱਭਿਆਚਾਰਕ-ਅਧਿਐਨ, ਜੰਮੂ-ਕਸ਼ਮੀਰ ਯੂਨੀਵਰਸਿਟੀ, 2017
2. ਚਰਨਜੀਤ ਕੌਰ, ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, (ਬਠਿੰਡਾ) 2018
3. ਰੁਪਿੰਦਰ ਕੌਰ, 1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਔਰਤ ਦੇ ਬਿੰਬ ਦੀ ਪੇਸ਼ਕਾਰੀ(ਦਰਸ਼ਨ ਸਿੰਘ ਧੀਰ, ਹਰਜੀਤ ਅਟਵਾਲ, ਅਵਤਾਰ ਸਿੰਘ ਬਿਲਿੰਗ, ਸੁਰਿੰਦਰ ਨੀਰ, ਅਫ਼ਜ਼ਲ ਅਹਿਸਨ ਰੰਧਾਵਾ, ਮੁਹੰਮਦ ਮਨਸ਼ਾ ਯਾਦ ਦੇ ਨਾਵਲਾਂ ਦੇ ਵਿਸ਼ੇਸ਼ ਸੰਦਰਭ ਵਿੱਚ), ਪੰਜਾਬੀ ਯੂਨੀਵਰਸਿਟੀ, ਪਟਿਆਲਾ 2020
4. ਨਵਪ੍ਰੀਤ ਕੌਰ ,ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਵਿੱਚ ਬਦਲ ਰਹੇ ਪਿੰਡ ਦੀ ਬਿਰਤਾਂਤਕਾਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2024
5. ਰਮਨ ਕੁਮਾਰ ਸ਼ਰਮਾ, 1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਬਦਲਦੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2010
6. ਸੁਖਦੀਪ ਕੌਰ, ਨਛੱਤਰ ਦੇ ਨਾਵਲਾਂ ਵਿੱਚ ਨਾਇਕ ਦਾ ਸਰੂਪ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ(ਬਠਿੰਡਾ), 2021

ਮੇਰਾ ਖੋਜ ਕਾਰਜ ਦਾ ਵਿਸ਼ਾ ਉਪਰੋਕਤ ਹੋਏ ਖੋਜ-ਕਾਰਜਾਂ ਤੋਂ ਵੱਖਰਾ ਹੈ।

ਅਧਿਆਇ ਵੰਡ

1990 ਈ. ਤੋਂ ਬਾਅਦ ਦੇ ਪੰਜਾਬੀ ਨਾਵਲ ਵਿੱਚ ਬਦਲਦੇ ਪੰਜਾਬ ਦਾ ਸਰੂਪ:ਵਿਭਿੰਨ ਸੰਦਰਭ

(ਅਵਤਾਰ ਸਿੰਘ ਬਿਲਿੰਗ, ਨਛੱਤਰ ਅਤੇ ਜਸਬੀਰ ਮੰਡ ਦੇ ਨਾਵਲਾਂ ਦੇ ਪ੍ਰਸੰਗ ਵਿੱਚ)

ਭੂਮਿਕਾ

ਅਧਿਆਇ-ਪਹਿਲਾ:

ਪੰਜਾਬ ਦਾ ਭੂਗੋਲਿਕ ਅਤੇ ਇਤਿਹਾਸਕ ਪਰਿਪੇਖ

(ੳ) ਪੰਜਾਬ ਦੀ ਭੂਗੋਲਿਕ ਪਛਾਣ 1947 ਈ. ਤੱਕ

(ਅ) ਪੰਜਾਬ ਦੇ ਸੰਯੁਕਤ ਸਭਿਆਚਾਰ ਦੇ ਬੁਨਿਆਦੀ ਪਛਾਣ-ਚਿੰਨ੍ਹ

(ੲ) 1947 ਤੋਂ 1990 ਈ. ਤੱਕ ਦੇ ਪੰਜਾਬ ਦੀ ਭੂਗੋਲਿਕ ਤੇ ਰਾਜਨੀਤਕ ਪਛਾਣ

1. ਹਰੀ ਕ੍ਰਾਂਤੀ ਦਾ ਇਤਿਹਾਸਕ, ਆਰਥਿਕ ਅਤੇ ਰਾਜਨੀਤਕ ਸੰਦਰਭ
2. ਨਕਸਲਬਾੜੀ ਲਹਿਰ ਦੀ ਆਮਦ ਅਤੇ ਪੰਜਾਬੀ ਨਾਵਲ ਉੱਤੇ ਉਸ ਦਾ ਪ੍ਰਭਾਵ
3. 1980 ਈ. ਤੋਂ ਬਾਅਦ ਦੇ ਪੰਜਾਬ ਸੰਕਟ ਦਾ ਪੰਜਾਬੀ ਸਾਹਿਤ ਅਤੇ ਜਨ-ਜੀਵਨ ਉੱਤੇ ਪ੍ਰਭਾਵ

(ਸ) 1990 ਈ. ਤੋਂ ਬਾਅਦ ਦੇ ਪੰਜਾਬ ਦਾ ਬਦਲਦਾ ਦ੍ਰਿਸ਼

1. ਵਿਸ਼ਵੀਕਰਨ ਦੀ ਆਮਦ ਅਤੇ ਪੰਜਾਬੀ ਸਾਹਿਤ ਉੱਤੇ ਪ੍ਰਭਾਵ
2. 1990 ਈ. ਤੋਂ ਬਾਅਦ ਦਾ ਖੇਤੀ ਸੰਕਟ
3. ਪਰਵਾਸ ਦੇ ਵਰਤਾਰੇ ਵਿੱਚ ਆਈ ਨਵੀਂ ਤਬਦੀਲੀ
4. ਨਗਰੀ ਸੱਭਿਅਤਾ ਦਾ ਤੇਜ਼ੀ ਨਾਲ ਵਿਕਾਸ
5. ਮੁਕਾਬਲੇ ਦੀ ਮੰਡੀ ਅਤੇ ਪੰਜਾਬੀ ਜਨ-ਜੀਵਨ ਅਤੇ ਰਿਸ਼ਤਿਆਂ ਉੱਤੇ ਪ੍ਰਭਾਵ

ਅਧਿਆਇ-ਦੂਜਾ:

ਪੂਰਵਲਾ ਖੋਜ-ਕਾਰਜ ਤੇ ਸਮੀਖਿਆ

(ੳ) ਖੋਜ-ਪ੍ਰਬੰਧ

(ਅ) ਆਲੋਚਨਾਤਮਕ ਪੁਸਤਕਾਂ

(ੲ) ਆਲੋਚਨਾਤਮਕ ਨਿਬੰਧ

ਅਧਿਆਇ-ਤੀਜਾ:

ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਵਿੱਚ ਬਦਲਦੇ ਪੰਜਾਬ ਦਾ ਸਰੂਪ:ਵਿਭਿੰਨ ਸੰਦਰਭ

(ੳ) ਪਿੰਡ ਦਾ ਬਦਲਦਾ ਸਰੂਪ

(ਅ) ਔਰਤ ਦੀ ਦਸ਼ਾ

(ੲ) ਸਭਿਆਚਾਰਕ ਸੰਸਥਾਵਾਂ ਦਾ ਬਦਲਦਾ ਰੂਪ

(ਘਰ, ਪਰਿਵਾਰ, ਵਿਆਹ)

(ਸ) ਬਦਲਦੇ ਮਨੁੱਖੀ ਰਿਸ਼ਤਿਆਂ ਦਾ ਸਰੂਪ

(ਹ) ਪੰਜਾਬ ਦੇ ਬਦਲਦੇ ਕੰਮ-ਧੰਦਿਆਂ ਦਾ ਸਰੂਪ

(ਕ) ਪਰਵਾਸ ਰੁਝਾਨ ਅਤੇ ਇਸਦਾ ਪੰਜਾਬੀ ਜਨ-ਜੀਵਨ ਤੇ ਪ੍ਰਭਾਵ

ਅਧਿਆਇ-ਚੌਥਾ:

ਨਛੱਤਰ ਦੇ ਨਾਵਲਾਂ ਵਿੱਚ ਬਦਲਦੇ ਪੰਜਾਬ ਦਾ ਸਰੂਪ:ਵਿਭਿੰਨ ਸੰਦਰਭ

(ੳ) ਪਿੰਡ ਦਾ ਬਦਲਦਾ ਸਰੂਪ

(ਅ) ਸ਼ਹਿਰ ਦਾ ਬਦਲਦਾ ਸਰੂਪ

(ੲ) ਸਭਿਆਚਾਰਕ ਸੰਸਥਾਵਾਂ ਦਾ ਬਦਲਦਾ ਰੂਪ

(ਘਰ, ਪਰਿਵਾਰ, ਵਿਆਹ)

(ਸ) ਬਦਲਦੇ ਮਨੁੱਖੀ ਰਿਸ਼ਤਿਆਂ ਦਾ ਸਰੂਪ

(ਹ) ਪੰਜਾਬ ਦੇ ਬਦਲਦੇ ਕੰਮ-ਧੰਦਿਆਂ ਦਾ ਸਰੂਪ

ਅਧਿਆਇ-ਪੰਜਵਾਂ:

ਜਸਬੀਰ ਮੰਡ ਦੇ ਨਾਵਲਾਂ ਵਿੱਚ ਬਦਲਦੇ ਪੰਜਾਬ ਦਾ ਸਰੂਪ:ਵਿਭਿੰਨ ਸੰਦਰਭ

(ੳ) ਪਿੰਡ ਦਾ ਬਦਲਦਾ ਸਰੂਪ

(ਅ) ਪੰਜਾਬ ਸੰਕਟ ਦੌਰਾਨ ਮਨੁੱਖ

(ੲ) ਸਭਿਆਚਾਰਕ ਸੰਸਥਾਵਾਂ ਦਾ ਬਦਲਦਾ ਰੂਪ

(ਘਰ, ਪਰਿਵਾਰ, ਵਿਆਹ)

(ਸ) ਬਦਲਦੇ ਮਨੁੱਖੀ ਰਿਸ਼ਤਿਆਂ ਦਾ ਸਰੂਪ

(ਹ) ਪੰਜਾਬ ਵਿੱਚ ਖੇਤੀ ਦੇ ਬਦਲਦੇ ਢੰਗ ਅਤੇ ਕੁਦਰਤ

ਸਾਰ ਅਤੇ ਸਥਾਪਨਾਵਾਂ

ਹਵਾਲੇ ਅਤੇ ਟਿੱਪਣੀਆਂ

ਪੁਸਤਕ-ਸੂਚੀ

ਆਧਾਰ-ਪੁਸਤਕਾਂ

ਜਸਬੀਰ ਮੰਡ, ਔੜ ਦੇ ਬੀਜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1986

ਉਹੀ, ਆਖਰੀ ਪਿੰਡ ਦੀ ਕਥਾ, ਆਟਮ ਆਰਟ, ਪਟਿਆਲਾ, 1992

ਉਹੀ, ਖਾਜ, ਆਟਮ ਆਰਟ, ਪਟਿਆਲਾ, 2010

ਉਹੀ, ਆਖਰੀ ਬਾਬੇ, ਆਟਮ ਆਰਟ, ਪਟਿਆਲਾ, 2019

ਉਹੀ, ਚੁਰਾਸੀ ਲੱਖ ਯਾਦਾਂ, ਆਟਮ ਆਰਟ, ਪਟਿਆਲਾ, 2024

ਨਛੱਤਰ, ਬੁੱਢੀ ਸਦੀ ਦਾ ਮਨੁੱਖ, ਆਰਸੀ ਪਬਲੀਕੇਸ਼ਨ, ਚਾਂਦਨੀ ਚੌਕ, ਦਿੱਲੀ-06, 1988

ਉਹੀ, ਬਾਕੀ ਦਾ ਸੱਚ, ਸਪਤ-ਸਿੰਧੂ ਪਬਲੀਕੇਸ਼ਨ, 364-ਏ, ਚਿਰਾਗ ਦਿੱਲੀ, ਨਵੀਂ ਦਿੱਲੀ,1994

ਉਹੀ, ਨਿੱਕੇ ਨਿੱਕੇ ਅਸਮਾਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004

ਉਹੀ, ਹਨੇਰੀਆਂ ਗਲੀਆਂ, ਪੰਜਾਬੀ ਸੀਭਆਚਾਰ ਕੇਂਦਰ, ਦਿੱਲੀ-ਮੁੰਬਈ, 2007

ਉਹੀ, ਸਲੋਅ ਡਾਊਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012

ਉਹੀ, ਕੈਂਸਰ ਟਰੇਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2017

ਉਹੀ, ਕਵਣੁ ਦੇਸ ਹੈ ਮੇਰਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ,2021

ਉਹੀ, ਮੁਹਾਜ਼, ਆਰਸੀ ਪਬਲਿਸ਼ਰਜ਼, ਦਰਿਆ ਗੰਜ, ਨਵੀਂ ਦਿੱਲੀ, 2024

ਬਿਲਿੰਗ, ਅਵਤਾਰ ਸਿੰਘ, ਨਰੰਜਣ ਮਸ਼ਾਲਚੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997

ਉਹੀ, ਖੇੜੇ ਸੁੱਖ ਵਿਹੜੇ ਸੁੱਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

ਉਹੀ, ਇਹਨਾਂ ਰਾਹਾਂ ਉੱਤੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2007

ਉਹੀ, ਪੱਤ ਕੁਮਲਾ ਗਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2009

ਉਹੀ, ਦੀਵੇ ਜਗਦੇ ਰਹਿਣਗੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਉਹੀ, ਖਾਲੀ ਖੂਹਾਂ ਦੀ ਕਥਾ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2013

ਉਹੀ, ਗੁਲਾਬੀ ਨਗ ਵਾਲੀ ਮੁੰਦਰੀ, ਐਵਿਸ ਪਬਲੀਕੇਸ਼ਨਜ਼, ਦਿੱਲੀ, 2017

ਉਹੀ, ਰਿਜ਼ਕ, ਐਵਿਸ ਪਬਲੀਕੇਸ਼ਨਜ਼, ਦਿੱਲੀ, 2019

ਸਹਾਇਕ-ਪੁਸਤਕਾਂ

ਪੰਜਾਬੀ-ਪੁਸਤਕਾਂ

ਉੱਪਲ, ਸਵਿੰਦਰ ਸਿੰਘ, ਪੰਜਾਬੀ ਨਾਵਲ: ਵਿਧੀ ਤੇ ਵਿਚਾਰ,ਪੰਜਾਬੀ ਰਾਈਟਰਜ਼ ਕੋਆਪਰੇਟਿਵ, ਨਵੀ ਦਿੱਲੀ, 1964

ਅਤਰ ਸਿੰਘ, ਸਮਦਰਸ਼ਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1952

ਆਜ਼ਾਦ, ਨਿਰਮਲ ਸਿੰਘ (ਡਾ.) (ਸੰਪਾ.) ਪੰਜਾਬ ਦੀ ਆਰਥਕਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1983

ਅਨੂਪ ਸਿੰਘ, ਸਮਕਾਲੀਨ ਯਥਾਰਥ ਤੇ ਪੰਜਾਬੀ ਨਾਵਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998

ਅਮਨਦੀਪ ਸੰਧੂ, (ਅਨੁ.)ਯਾਦਵਿੰਦਰ ਸਿੰਘ, ਮੰਗਤ ਰਾਮ ਪੰਜਾਬ: ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਸਿੰਘ ਬਰਾਦਰਸ, ਅੰਮ੍ਰਿਤਸਰ, 2022

ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1975

ਉਹੀ..(ਸੰਪਾ.), ਪਿਛਲੇ ਦਹਾਕੇ ਦਾ ਪੰਜਾਬੀ ਸਾਹਿਤ,

ਪੰਜਾਬੀ ਅਕਾਦਮੀ, ਦਿੱਲੀ, 1987

ਅਰੋੜਾ, ਏ. ਸੀ., ਪੰਜਾਬ ਦੀਆਂ ਲੋਕ ਲਹਿਰਾਂ (1849-1947), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਸੁਖਦਿਆਲ ਸਿੰਘ, ਪੰਜਾਬ: ਆਦਿ ਕਾਲ ਤੋਂ ਆਧੁਨਿਕ ਕਾਲ ਤੱਕ ਭਾਗ-1,2, ਸੰਗਮ ਪਬਲੀਕੇਸ਼ਨ, 2021

ਸੁਖਦੇਵ ਸਿੰਘ(ਡਾ.) ਪੰਜਾਬੀ ਸਮਾਜ ਅਤੇ ਬਦਲਾਅ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2017

ਸੇਖੋਂ, ਸੰਤ ਸਿੰਘ, ਨਾਵਲ ਤੇ ਪਲਾਟ, ਭਾਸ਼ਾ ਵਿਭਾਗ, ਪੰਜਾਬ ਯੂਨੀਵਰਸਿਟੀ, ਪਟਿਆਲਾ, 1979

ਸੰਧੂ, ਗੁਰਪਾਲ ਸਿੰਘ (ਡਾ.) ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2000

ਸੁਰਜੀਤ ਸਿੰਘ (ਡਾ.), ਪੰਜਾਬੀ ਨਾਵਲ ਦ੍ਰਿਸ਼ ਅਤੇ ਦ੍ਰਿਸ਼ਟੀ,ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012

ਸਰਬਜੋਤ ਸਿੰਘ (ਡਾ.), ਵਿਸ਼ਵੀਕਰਨ, ਸੱਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਸਰਬਜੀਤ ਸਿੰਘ (ਡਾ.) ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019

ਹਰਿੰਦਰ ਸਿੰਘ, ਅਵਤਾਰ ਸਿੰਘ ਬਿਲਿੰਗ ਦੇ ਨਾਵਲ:ਸਮਾਜ-ਸਭਿਆਚਾਰਕ ਪਰਿਪੇਖ, ਸੰਗਮ ਪਬਲੀਕੇਸ਼ਨਜ਼ ਸਮਾਣਾ,2016

ਹਰਿਭਜਨ ਸਿੰਘ (ਡਾ.) ਗਲਪ ਦੀ ਵਾਸਤਵਿਕਤਾ, ਅੰਮ੍ਰਿਤਸਰ ਜਨਵਰੀ,1979

ਉਹੀ, ਸਾਹਿਤ ਅਧਿਐਨ,ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1981

ਉਹੀ, ਸਾਹਿਤ ਵਿਗਿਆਨ, ਗੁਰੁ ਨਾਨਕ ਦੇਵ ਯੂਨੀਵਰਸਿਟੀ,ਅਮਮ੍ਰਿਤਸਰ

ਕੇਸਰ, ਕੇਸਰ ਸਿੰਘ (ਡਾ.), ਵਰਗ ਸੰਘਰਸ਼ ਤੇ ਗਲਪ ਸਾਹਿਤ,ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ,1992

ਕਿਸ਼ਨ ਸਿੰਘ (ਪ੍ਰੋ.), ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ, ਨਵੀ ਦਿੱਲੀ,2013

ਕਜ਼ਾਕ, ਕਿਰਪਾਲ ਸਿੰਘ(ਡਾ.), ਨਛੱਤਰ ਦਾ ਗਲਪ ਚਿੰਤਨ, ਚੇਤਨਾ ਪ੍ਰਕਾਸ਼ਨ,

ਪੰਜਾਬੀ ਭਵਨ, ਲੁਧਿਆਣਾ, 2016

ਖਾਹਰਾ, ਸੁਖਦੇਵ ਸਿੰਘ (ਡਾ.), ਪੰਜਾਬੀ ਨਾਵਲ ਵਿੱਚ ਸਾਂਸਕ੍ਰਿਤਕ ਚੇਤਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1988

ਗਿਆਨ ਸਿੰਘ (ਡਾ.), ਪੰਜਾਬ ਦੀ ਖੇਤੀਬਾੜੀ ਆਰਥਿਕਤਾ,ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016

ਉਹੀ(ਸੰਪਾ.), ਪੰਜਾਬ ਦੀ ਆਰਥਕਤਾ, ਕਾਰਗੁਜ਼ਾਰੀ ਅਤੇ ਚੁਣੌਤੀਆਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ,2010

ਗਜਰਾਨੀ, ਐਸ. ਡੀ. (ਡਾ.) ਆਧੁਨਿਕ ਭਾਰਤ ਦਾ ਆਰਥਿਕ ਇਤਿਹਾਸ (1850-1947), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਗੁਰਬਚਨ, ਪੰਜਾਬ/ਪੰਜਾਬੀ ਸਾਹਿਤ ਦਸ਼ਾ ਦਿਸ਼ਾ, ਐਵਿਸ ਪਬਲੀਕੇਸ਼ਨਜ਼, ਚਾਂਦਨੀ ਚੌਂਕ, ਦਿੱਲੀ,2016

ਗੁਰਦਿਆਲ ਸਿੰਘ, ਪੰਜਾਬੀ ਨਾਵਲ ਵਿੱਚ ਦ੍ਰਿਸ਼ਟੀ ਬਿੰਦੂ, ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, 1995

ਗੁਰਭਗਤ ਸਿੰਘ (ਡਾ.), ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2015

ਗਰੇਵਾਲ, ਅਮਰਜੀਤ ਸਿੰਘ, ਪੰਜਾਬੀ ਸਭਿਆਚਾਰ ਦਾ ਭਵਿੱਖ,ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ,1989

ਗਿੱਲ, ਤੇਜਵੰਤ ਸਿੰਘ (ਡਾ.), ਪੰਜਾਬੀ ਸਭਿਆਚਾਰ ਪ੍ਰਮਾਣ ਤੇ ਪ੍ਰਤੀਮਾਨ, ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ,1986

ਚੰਦੀ, ਗੁਰਦੇਵ ਸਿੰਘ, ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ: ਸੰਕਲਪ ਸਰੂਪ ਸਰੋਕਾਰ, ਰਿਸ਼ਮ ਪ੍ਰਕਾਸ਼ਨ, ਪਟਿਆਲਾ, 2006

ਉਹੀ, ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ, ਲੋਕਗੀਤ ਪ੍ਰਕਾਸ਼ਨ,2006

ਜਗਬੀਰ ਸਿੰਘ, ਪੰਜਾਬੀ ਗਲਪ ਸੰਸਾਰ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ,1999

ਜਸਪਾਲ ਸਿੰਘ (ਡਾ.) ਪੰਜਾਬੀ ਨਾਵਲ ਅਤੇ ਸਭਿਆਚਾਰਕ ਰੂਪਾਂਤਰਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2010

ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ,

ਗ੍ਰੇਸ਼ੀਅਸ ਬੁੱਕਸ,ਪਟਿਆਲਾ, 2014

ਜੈਨ, ਜਸਬੀਰ (ਡਾ.), ਆਧੁਨਿਕਤਾਵਾਦ ਦੇ ਸੰਦਰਭ: ਭਾਰਤੀ ਨਾਵਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2001

ਜੰਮੂ, ਪ੍ਰਕਾਸ਼ ਸਿੰਘ, ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬ, (ਸਮਾਜਕਵਿਗਿਆਨ ਪੱਤਰ),ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1999

ਦਾਨੇਵਾਲੀਆ, ਭਗਵਾਨ ਸਿੰਘ, 20ਵੀਂ ਸਦੀ ਦਾ ਪੰਜਾਬ, ਔਰੀਅਨ ਪਬਲਿਸ਼ਰਜ਼, 17-ਈ, ਚੰਡੀਗੜ੍ਹ, 1999

ਦਵੇਸ਼ਵਰ, ਸੁਰਿੰਦਰ ਕੁਮਾਰ, ਪੰਜਾਬੀ ਗਲਪ ਚਿੰਤਨ, ਰਘੁਬੀਰ ਪ੍ਰਕਾਸ਼ਨ, ਚੰਡੀਗੜ੍ਹ, 1997

ਉਹੀ, ਨਾਵਲ ਸ਼ਾਸਤਰ ਅਤੇ ਪੰਜਾਬੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

ਉਹੀ, ਸਮਾਜ, ਸੱਤਾ ਤੇ ਸਮਕਾਲੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਧਾਲੀਵਾਲ, ਬਲਦੇਵ ਸਿੰਘ (ਡਾ.) ਪੰਜਾਬੀ ਨਾਵਲ ਦ੍ਰਿਸ਼ਟੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

ਨਹਿਰੂ, ਜੋਗਿੰਦਰ ਸਿੰਘ (ਡਾ.), ਪ੍ਰਗਤੀਵਾਦ ਅਤੇ ਪੰਜਾਬੀ ਨਾਵਲ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 1986

ਉਹੀ, ਬਿਰਤਾਂਤਕ ਗਲਪ: ਆਧੁਨਿਕ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005.

ਉਹੀ.(ਸੰਪਾ.), ਨਾਵਲ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਨਰਿੰਜਨ ਤਸਨੀਮ, ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989

ਉਹੀ, ਪੰਜਾਬੀ ਨਾਵਲ ਦਾ ਮੁਹਾਂਦਰਾ, ਆਰਸੀ ਪਬਲਿਸ਼ਰਜ਼, ਦਿੱਲੀ, 1995

ਨੈਨ ਸੁੱਖ,(ਅਨੁ.) ਪਰਮਜੀਤ ਸਿੰਘ ਮੀਸ਼ਾ, ਧਰਤੀ ਪੰਜ ਦਰਿਆਈ, ਸੱਚਲ ਪ੍ਰਕਾਸ਼ਨ ਅੰਮ੍ਰਿਤਸਰ,2020

ਨੂਰ, ਸੁਤਿੰਦਰ ਸਿੰਘ (ਡਾ.), ਪੰਜਾਬੀ ਗਲਪ ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005

ਨੂਰ, ਸੁਤਿੰਦਰ ਸਿੰਘ, ਰਵੇਲ ਸਿੰਘ(ਸੰਪਾ.) ਨਵਾਂ ਪੰਜਾਬੀ ਨਾਵਲ-ਇਕ ਅਧਿਐਨ, ਪੰਜਾਬੀ ਅਕਾਦਮੀ, ਦਿੱਲੀ, 2008

ਪ੍ਰੀਤਮ ਸਿੰਘ(ਪ੍ਰੋ.), ਪੰਜਾਬ, ਪੰਜਾਬੀ, ਪੰਜਾਬੀਅਤ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998

ਫਾਕਸ, ਰੈਲਫ਼, ਨਾਵਲ ਅਤੇ ਲੋਕ ਜੀਵਨ, (ਅਨੁ) ਗੁਰਦੀਪ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1986

ਫ਼ਰੈਂਕ, ਗੁਰਬਖ਼ਸ਼ ਸਿੰਘ(ਪ੍ਰੋ.), ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਊਂਡੇਸ਼ਨ,ਅੰਮ੍ਰਿਤਸਰ,1992

ਬਰਾੜ, ਸੁਰਜੀਤ ਸਿੰਘ (ਡਾ.) ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ, ਪ੍ਰਕਾਸ਼ਨ, ਲੁਧਿਆਣਾ, 2012

ਉਹੀ(ਸੰਪਾ.) ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ ਨਵਰੰਗ ਪਬਲੀਕੇਸ਼ਨ ਸਮਾਣਾ,2021

ਭੱਟੀ, ਸੁਰਜੀਤ ਸਿੰਘ, ਵਿਸ਼ਵੀਕਰਣ ਅਤੇ ਸਾਹਿਤ ਚਿੰਤਨ, ਚੇਤਨਾ ਪ੍ਰਕਾਸ਼ਨ, ਪੰਜਾਬ ਭਵਨ, ਲੁਧਿਆਣਾ,2011

ਭਾਟੀਆ, ਹਰਿਭਜਨ ਸਿੰਘ, ਪੰਜਾਬੀ ਨਾਵਲ ਸੰਵਾਦ ਤੇ ਸਮੀਖਿਆ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2011

ਉਹੀ, ਪੰਜਾਬੀ ਗਲਪ: ਪੜਚੋਲ ਦਰ ਪੜਚੋਲ,ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2020

ਮਨਮੋਹਨ(ਡਾ.), ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ, 2024

ਰਾਹੀ, ਜੋਗਿੰਦਰ ਸਿੰਘ(ਡਾ.), ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1978

ਉਹੀ, ਸਮਾਂ ਤੇ ਸੰਵਾਦ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1997

ਉਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992

ਉਹੀ, ਜੋਤ-ਜੁਗਤ ਕੀ ਬਾਰਤਾ ਨਾਨਕ ਸਿੰਘ ਪੁਸਤਕਮਾਲਾ, ਅਮ੍ਰਿੰਤਸਰ, 2006

ਰਜਨੀਸ਼, ਬਹਾਦਰ ਸਿੰਘ (ਡਾ.) ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999

ਰਾਜਪਾਲ ਸਿੰਘ, ਪੰਜਾਬ ਦੀ ਇਤਿਹਾਸਕ ਗਾਥਾ, ਪੀਪਲਜ਼ ਫੋਰਮ, ਬਰਗਾੜੀ, 2016

ਰਾਜਮੋਹਨ ਗਾਂਧੀ,(ਅਨੁ.) ਹਰਪਾਲ ਸਿੰਘ ਪੰਨੂ, ਪੰਜਾਬ-ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਇਤਿਹਾਸ, ਯੂਨੀਸਟਾਰ ਬੂਕਸ, ਚੰਡੀਗੜ੍ਹ 2015

ਵਿਨੋਦ, ਟੀ.ਆਰ., ਸਾਹਿਤ ਅਤੇ ਚਿੰਤਨ,ਮਦਾਨ ਪਬਲਿਸ਼ਰਜ਼, ਪਟਿਆਲਾ, 1976

ਉਹੀ, ਪੰਜਾਬੀ ਨਾਵਲ ਇੱਕ ਮੁਲਾਂਕਣ, ਰਵੀ

ਪ੍ਰਕਾਸ਼ਨ, ਅੰਮ੍ਰਿਤਸਰ, 1982

ਉਹੀ, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਲੋਕਗੀਤ ਪ੍ਰਕਾਸ਼ਨ, 1991

ਉਹੀ, ਆਓ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999

ਉਹੀ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004

ਉਹੀ, ਪੰਜਾਬੀ ਨਾਵਲ: ਵਿਹਾਰਕ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012

ਉਹੀ, ਪੰਜਾਬੀ ਨਾਵਲ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ

ਹਿੰਦੀ

ਸ਼੍ਰੀਨਿਵਾਸ, ਐਮ. ਐਲ., ਆਧੁਨਿਕ ਭਾਰਤ ਮੇਂ ਸਮਾਜਿਕ ਪਰਿਵਰਤਨ, ਰਾਜ ਕਮਲ ਪ੍ਰਕਾਸ਼ਨ, ਦਿੱਲੀ, 1996

ਪਾਮ ਦੱਤ, ਰਜਨੀ, ਆਜ ਕਾ ਭਾਰਤ, (ਅਨੁ.) ਰਾਮ ਵਿਲਾਸ ਸ਼ਰਮਾ, ਗ੍ਰੰਥ ਸ਼ਿਲਪੀ, ਦਿੱਲੀ, 1970

ਅੰਗਰੇਜ਼ੀ ਪੁਸਤਕਾਂ:

Amin, Samir,	Capitalism in the Age of Globlization, Madhyam books, Delhi, 1997
Daiches, David,	The Novel and the Modern World, University of Chicago press, Chicago, 1984
Francine R. Frankel	India's Green Revolution, Oxford university press, Bombay,1971
Forster, E.M.,	Aspects of the Novel, Ai Harvest Book, San Diego, New York, London, 1955
G.S. Bhalla, Gurmail Singh,	Indian Agriculture (Four Decades of Development), Sage Publications, New DelhI 2001
Ishtiaq Ahmed,	The Punjab: Bloodied, Partitioned and Cleansed, Repro India Ltd. 2022
Khushwant Singh,	A History of the Sikhs vol. 1-2, Oxford University Press, 1999
Lukacs, George,	The Historical Novel, Merlin Press,

London, 1962

Lukacs, George, The Theory of the Novel, Marlin Press, London, 1971

Mishra, S.N. (ed.) Urbanisation and Urban Development in Punjab, Guru Nanak Dev University, Amritsar

Robertson, Roland, Globalization: Social Theory and Global Culture, London: Sage, 1992

Srinivas, M.N., Social Change in Modern India, Orient Longman Ltd., New Delhi, 1977

Steger, Manfred B., Globalization: The New Market Ideology, Rawat publication, New Delhi, 2004

Surjeet Singh, Oral Traditions and Cultral Heritage of Punjab, Punjabi university, Patiala, 2016

Vandana Shiva, The Violence of the Green Revolution, Zed books Ltd,London 1991

Walt, Lan, The Rise of Novel, University of California Press, London, 1971

Yogendra Singh, Modernization of Indian Tradition: A systemic Study of Social Change, Thomson Press, Faridabad, 1977

Zeraffa, Michel, Fictions: The Novel And Social Reality, Penguin Books, U.K., 1976

ਪੰਜਾਬੀ ਸ਼ਬਦ ਕੋਸ਼/ਸਾਹਿਤ ਕੋਸ਼:

- ਗੁਰਸ਼ਬਦ ਰਤਨਕਾਰ (ਮਹਾਨ ਕੋਸ਼), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960
- ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ ਤੇ ਦੂਜਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976
- ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 ਪੰਜਾਬੀ ਰਸਾਲੇ/ਖੋਜ

ਪੱਤ੍ਰਿਕਾਵਾਂ:

ਸਮਦਰਸ਼ੀ, ਨਵਾਂ ਪੰਜਾਬੀ ਨਾਵਲ ਵਿਸ਼ੇਸ਼ ਅੰਕ, ਅੰਕ 83, ਦਸੰਬਰ-ਜਨਵਰੀ, 2005

ਖੋਜ ਦਰਪਣ, ਪੰਜਾਬੀ ਗਲਪ ਵਿਸ਼ੇਸ਼ ਅੰਕ, ਅੰਕ 58, 2007 ਸਿਰਜਣਾ, ਅੰਕ 186, ਅਕਤੂਬਰ-ਦਸੰਬਰ, 2017 ਸਮਾਜਿਕ ਵਿਗਿਆਨ ਪੱਤਰ, ਵਿਸ਼ਵੀਕਰਨ ਉਦਾਰੀਕਰਨ ਅਤੇ ਪੰਜਾਬ, ਵਿਸ਼ੇਸ਼ ਅੰਕ 47-48-49। ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ1999, ਜੂਨ ਤੇ ਦਸੰਬਰ 2000

ਪ੍ਰਸਤਾਵਿਤ ਖੋਜ ਵਿਸ਼ੇ ਦਾ ਸਮਾਜਿਕ ਮਹੱਤਵ

ਬਦਲਾਅ ਇੱਕ ਕੁਦਰਤੀ ਵਰਤਾਰਾ ਹੈ। ਜੋ ਸਮਾਜ ਵਿੱਚ ਮੁੱਢ-ਕਦੀਮ ਤੋਂ ਵਾਪਰ ਰਿਹਾ ਹੈ। ਹਰੇਕ ਯੁਗ ਅਤੇ ਸਦੀ ਦੇ ਪਰਿਵਰਤਨ ਹੋਣ ਦੇ ਆਪਣੇ-ਆਪਣੇ ਕਾਰਨ ਹਨ ਜੋ ਉਸ ਸਮੇਂ ਦੇ ਸਮਾਜ ਨੂੰ ਹਰ ਪੱਖੋਂ ਪ੍ਰਭਾਵਿਤ ਕਰਦੇ ਹਨ ਅਤੇ ਬਦਲਾਅ ਲਿਆਉਂਦੇ ਹਨ। ਇਸੇ ਤਰ੍ਹਾਂ ਪੰਜਾਬ ਦੀ ਧਰਤੀ ‘ਤੇ ਵੀ ਸਮੇਂ-ਸਮੇਂ ‘ਤੇ ਮੌਜੂਦਾਂ ਸਥਿਤੀਆਂ ਦੇ ਮੁਤਾਬਿਕ ਬਦਲਾਅ ਹੁੰਦੇ ਆਏ ਹਨ।ਪਰ ਜੋ ਬਦਲਾਅ 20ਵੀਂ ਸਦੀ ਦੇ ਦੌਰਾਨ ਹੋਏ ਹਨ, ਉਹ ਭਾਵੇਂ ਦੇਸ਼ ਵੰਡ, ਹਰੀ ਕ੍ਰਾਂਤੀ, ਨਕਸਲਵਾੜੀ ਲਹਿਰ, ਪੰਜਾਬ ਸੰਕਟ ਅਤੇ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦਾ ਵਰਤਾਰਾ ਹੋਵੇ, ਨੇ ਮਨੁੱਖੀ ਜੀਵਨ ਨੂੰ ਪੂਰਨ ਰੂਪ ਵਿੱਚ ਬਦਲਿਆ ਹੈ। ਇਹਨਾਂ ਪਰਿਵਰਤਨਾਂ ਦੇ ਤੱਤਾਂ ਨੂੰ ਪੰਜਾਬੀ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿੱਚ ਬੜੇ ਸੁਚੱਜੇ ਢੰਗ ਨਾਲ ਬਿਆਨਿਆ ਹੈ। ਜਿਸ ਵਿੱਚ ਅਜੋਕੇ ਸਮਾਜ ਦੇ ਹਰ ਮਸਲੇ ਨੂੰ ਉਹ ਚਾਹੇ ਕਿਸਾਨੀ ਸੰਕਟ, ਕੁਦਰਤ ਦਾ ਉਜਾੜਾ, ਪਰਵਾਸ, ਔਰਤਾਂ ਦੀ ਦਸ਼ਾ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਮਾਨਵੀਂ ਰਿਸ਼ਤਿਆਂ ਵਿੱਚ ਬਦਲਾਅ, ਰੀਤੀ ਰਿਵਾਜ਼ਾਂ ਵਿੱਚ ਬਦਲਾਅ, ਇੰਟਰਨੈੱਟ ਅਤੇ ਤਕਨੀਕੀ ਕ੍ਰਾਂਤੀ, ਵਿਦੇਸ਼ਾਂ ਅਤੇ ਮਹਾਂਨਗਰਾਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ, ਕਿਸਾਨੀ ਦੇ ਨਾਲ ਬਦਲਦੇ ਕੰਮ-ਧੰਦੇ ਆਦਿ ਨੂੰ ਬਿਆਨਿਆਂ ਅਤੇ ਸੂਖਮ ਦ੍ਰਿਸ਼ਟੀ ਨਾਲ ਘੋਖਿਆ ਹੈ। ਮੇਰੇ ਖੋਜ ਕਾਰਜ ਵਿੱਚ ਅਜੋਕੇ ਅਤੇ ਅਤਿ-ਆਧੁਨਿਕ ਪੰਜਾਬੀ ਸਮਾਜ ਦੇ ਹਰ ਪੱਖ ਅਤੇ ਮਨੁੱਖੀ ਜੀਵਨ ਨਾਲ ਸੰਬੰਧਿਤ ਸਮੱਸਿਆਵਾਂ ਦਾ ਅਧਿਐਨ ਕਰਨਾ ਹੈ।

ਇਹ ਅਧਿਐਨ ਸਮਾਜਿਕ ਪੱਧਰ ‘ਤੇ ਇਸ ਲਈ ਜ਼ਰੂਰੀ ਹੈ ਕਿ ਤਕਨੀਕੀ ਯੁੱਗ ‘ਪੂੰਜੀ’ ਕੇਦਰਿੰਤ ਹੋਣ ਕਰਕੇ ਮਨੁੱਖ ਪੂੰਜੀ ਦੀ ਦੌੜ ਵਿੱਚ ਇੱਕਲਤਾ ਦਾ ਸ਼ਿਕਾਰ ਅਤੇ ਹਜ਼ਾਰਾਂ ਸੂਖਮ ਮਸਲਿਆਂ ਦਾ ਧੁਰਾ ਬਣ ਗਿਆ ਹੈ। ਇਸ ਲਈ ਇਸ ਵਿਸ਼ੇ ਦੇ ਅਧਿਐਨ ਰਾਹੀ ਪੰਜਾਬ ਦੇ ਇਤਿਹਾਸਕ ਪੱਖ ਨੂੰ ਘੋਖਦੇ ਹੋਏ ਸਮਕਾਲ ਵਿੱਚ ਮਨੁੱਖ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਮਾਨਸਿਕ ਹਾਲਾਤ ਨੂੰ ਸਮਝਿਆ ਜਾ ਸਕਦਾ ਹੈ ਅਤੇ ਉਹਨਾਂ ਦਾ ਹਲ ਕੀਤਾ ਜਾ ਸਕਦਾ ਹੈ।